


Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਇਤਿਹਾਸਕ ਨਾਵਲ

ਗੁਰੂ ਘਰ ਦਾ ਸ਼ਰਧਾਲੂ

# ਭਾਈ ਸੁਥਰੇ ਸ਼ਾਹ ਜੀ


ਲੇਖਕ-

ਪ੍ਰਿੰਸੀਪਲ ਨਿਹਾਲ ਸਿੰਘ 'ਰੱਸ'



ਪ੍ਰਕਾਸ਼ਕ-

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

© ਪ੍ਰਕਾਸ਼ਕ

ISBN : 81-7601-354-4

ਨਵੀਂ ਸੋਧੀ ਹੋਈ ਦੂਜੀ ਐਡੀਸ਼ਨ 2002

ਮੁੱਲ : 40–00

www.archive.org/details/namdhari

ਪ੍ਰਕਾਸ਼ਕ:

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 542346, 547974, 557973

ਫੈਕਸ : (0183) 542346

E-Mail : csjs@jla.vsnl.net.in

Visit our Website : www.csjs.com

(Printed In India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 705003, 395774

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ੧.

### ਗੁਰੂ ਘਰ ਦਾ ਸ਼ਰਧਾਲੂ

# ਭਾਈ ਸੁਥਰੇ ਸ਼ਾਹ ਜੀ

ਓਏ ਰਾਮੇ ਸ਼ਾਹ ! ਇਹ ਮੁੰਡਾ ਕੌਣ ਐ, ਜਿਹੜਾ ਰੋਜ਼ ਤੇਰੀ ਹੱਟੀਓਂ ਆ ਕੇ ਦੁੱਧ ਪੀ ਜਾਂਦਾ ਏ ਤੇ ਮਠਿਆਈ ਖਾ ਜਾਂਦਾ ਏ, ਪੈਸਾ ਵੀ ਨਹੀਂ ਦੇਂਦਾ ਤੇ ਕਈ ਤਰ੍ਹਾਂ ਦੀਆਂ ਟਿਚਕਰਾਂ ਕਰਕੇ ਚਲਾ ਜਾਂਦਾ ਏ। ਇਹ ਬੜਾ ਚਲਾਕ ਮਲੂਕ ਹੁੰਦਾ ਏ।

ਮੈਨੂੰ ਨਾਂ ਤੇ ਇਸ ਦਾ ਪਤਾ ਨਹੀਂ। ਕਹਿੰਦੇ ਨੇ ਕਿ ਛੇ ਵਰ੍ਹੇ ਹੋਏ ਨੇ, ਮੀਰੀ ਪੀਰੀ ਦੇ ਮਾਲਕ ਸ਼ਹਿਨਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ, ਕਸ਼ਮੀਰ ਦੀਆਂ ਸੰਗਤਾਂ ਨੂੰ ਤਾਰਨ ਲਈ ਆਪਣੇ ਸੇਵਕਾਂ ਨੇ ਨਾਲ ਇਕ ਪਹਾੜੀ ਦੇ ਦਾਮਨ ਕੋਲੋਂ ਬਾਰਾਂ ਮੂਲੇ ਵਿਚ ਲੰਘ ਰਹੇ ਸਨ ਕਿ ਓਥੇ ਇਕ ਕੁੱਤੀ ਨੇ ਬੱਚੇ ਦਿੱਤੇ ਹੋਏ ਸਨ ਤੇ ਉਹਨਾਂ ਬੱਚਿਆਂ ਵਿਚ ਹੀ ਇਕ ਨਿੱਕਾ ਜਿਹਾ ਬੱਚਾ ਪਿਆ 'ਉਆਂ, ਉਆਂ' ਪਿਆ ਕਰਦਾ ਸੀ। ਰਾਮੇ ਸ਼ਾਹ ਨੇ ਉੱਤਰ ਦਿੱਤਾ।

ਸੋਢੀ ਸੁਲਤਾਨ ਜੀ ਦੀ ਨਜ਼ਰ ਇਸ ਬਾਲਕ ਉਤੇ ਪੈ ਗਈ, ਉਹਨਾਂ ਨੇ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਇਸ ਬਾਲਕ ਨੂੰ ਚੁੱਕ ਲਿਆਓ। ਉਹ ਭਾਈ ਭਗਤੂ ਹੈ ਨਾ, ਜਿਹੜਾ ਗੁਰੂ ਕੇ ਲੰਗਰ ਵਿਚ ਉਸ ਦਿਨ ਸੇਵਾ ਕਰਦਾ ਸੀ।

ਉਹ ਉਸ ਵੇਲੇ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਹਜ਼ੂਰ ਦੇ ਮਗਰ-ਮਗਰ ਜਾ ਰਿਹਾ ਸੀ। ਸਤਿਗੁਰਾਂ ਦੇ ਹੁਕਮ ਅਨੁਸਾਰ ਉਹ ਇਸ ਬਾਲਕ

Sri Satguru Jagjit Singh Ji eLibrary NamdhariElibrary@gmail.com

ਨੂੰ ਚੁੱਕ ਲਿਆਇਆ। ਇਹ ਬਾਲਕ ਉਸ ਵੇਲੇ ਮਿੱਟੀ ਨਾਲ ਲਿਬੜਿਆ ਹੋਇਆ ਸੀ।

'ਹਾਂ ਸ਼ਾਹ! ਓਥੇ ਬਿਸਤਰੇ ਥੋੜ੍ਹਾ ਵਿਛੇ ਹੋਏ ਸਨ। ਕੋਈ ਨਾਜਾਇਜ਼ ਬਾਲਕ ਹੋਵੇਗਾ ਤੇ ਇਹਦੀ ਮਾਂ ਇਹਨੂੰ ਇਸ ਤਰ੍ਹਾਂ ਪਿੰਡੋਂ ਬਾਹਰਵਾਰ ਸੁਟ ਆਈ ਹੋਵੇਗੀ। ਲਾਲਾ ਸ਼ਿਵ ਰਾਮ ਨੇ ਰਾਮੇ ਸ਼ਾਹ ਨੂੰ ਕਿਹਾ।

ਨਹੀਂ ਸ਼ਾਹ ਜੀ! ਇਹ ਗੱਲ ਨਹੀਂ। ਭਗਤੂ ਨੇ ਆਪ ਆ ਕੇ ਮੈਨੂੰ ਦੱਸਿਆ ਸੀ ਕਿ ਜਦੋਂ ਇਹ ਬਾਲਕ ਮਿੱਟੀ ਘੱਟੇ ਵਿਚ ਲਿਬੜਿਆ ਹੋਇਆ ਚੁੱਕ ਕੇ ਉਹ ਸਤਿਗੁਰਾਂ ਦੇ ਸਾਹਮਣੇ ਲਿਆਇਆ ਤਾਂ ਸ਼ਹਿਨਸ਼ਾਹ ਜੀ ਨੇ ਇਸ ਬਾਲਕ ਨੂੰ ਆਪਣੀ ਗੋਦ ਵਿਚ ਲੈਣ ਲਈ ਦੋਵੇਂ ਹੱਥ ਅਗਾਂਹ ਵਧਾਏ ਤਾਂ ਅਗੋਂ ਭਗਤੂ ਨੇ ਕਿਹਾ।

ਹਜ਼ੂਰ! ਇਹ ਬਾਲਕ ਮਿੱਟੀ ਨਾਲ ਲਿਬੜਿਆ ਹੋਇਆ ਹੈ, ਬੜਾ ਕੁਥਰਾ ਹੈ, ਤੁਹਾਡਾ ਜਾਮਾਂ ਤੇ ਹੱਥ ਗੰਦੇ ਹੋ ਜਾਣਗੇ।

ਸ਼ਹਿਨਸ਼ਾਹ ਜੀ ਨੇ ਮੁਸਕ੍ਰਾਉਂਦਿਆਂ ਕਿਹਾ, "ਭਾਈ ਜੀ! ਫੇਰ ਕੀ ਹੋਇਆ ਜੇ ਇਹ ਕੁਥਰਾ ਹੈ। ਲਿਆਓ ਏਧਰ, ਅਸੀਂ ਇਹਨੂੰ ਸੁਥਰਾ ਬਣਾਵਾਂਗੇ।"

ਉਸ ਸਮੇਂ ਸੋਢੀ ਸੁਲਤਾਨ ਜੀ ਨੇ ਇਸ ਬਾਲਕ ਨੂੰ ਦੋਹਾਂ ਹੱਥਾਂ ਵਿਚ ਚੁਕ ਲਿਆ, ਇਕ ਸੇਵਕ ਕੋਲੋਂ ਪਰਨਾ ਲੈ ਕੇ ਇਸ ਦਾ ਪਿੰਡਾ ਸਾਫ ਕੀਤਾ। ਇਕ ਛੋਟਾ ਜਿਹਾ ਚੋਲਾ ਮੰਗਵਾ ਕੇ ਇਸ ਦੇ ਗਲ ਪਾ ਦਿੱਤਾ ਤੇ ਕਿਹਾ।

ਕਿਉਂ ਇਹ ਸੁਥਰਾ ਬਣ ਗਿਆ ਕੇ ਨਹੀਂ ? ਭਾਈ ਭਗਤੂ ਨੇ ਕਿਹਾ, "ਮਹਾਰਾਜ! ਪਤਿਤ-ਪਾਵਨ ਹੋ। ਇਸ ਬਾਲਕ ਨੂੰ ਸੁਥਰਾ ਬਣਾ ਦੇਣਾ ਆਪ ਦੇ ਇਕ ਇਸ਼ਾਰੇ ਦਾ ਕੰਮ ਸੀ।"

ਸਤਿਗੁਰਾਂ ਨੇ ਦੇਖਿਆ ਕਿ ਇਸ ਬਾਲਕ ਦੇ ਮੂੰਹ ਵਿਚ ਦੰਦ ਸਨ। ਹਜ਼ੂਰ ਸਮਝ ਗਏ ਕਿ ਸਾਡੇ ਦੇਸ਼ ਅੰਦਰ ਇਹ ਕਿੱਡੀ ਜਹਾਲਤ ਹੈ। ਜੰਮਦੇ ਬੱਚੇ ਦੇ ਮੂੰਹ ਵਿਚ ਦੰਦ ਦੇਖ ਕੇ ਸ਼ਾਇਦ ਇਸ ਦੇ ਮਾਪਿਆਂ ਨੇ

ਇਹ ਸਮਝਿਆ ਹੋਵੇਗਾ ਕਿ ਇਹ ਕੋਈ ਬਲਾ ਜੰਮ ਪਈ ਹੈ। ਕੋਲੋਂ ਕਿਸੇ ਨੇ ਕਹਿ ਦਿੱਤਾ ਹੋਵੇਗਾ ਕਿ ਇਹ ਬਾਲਕ ਮਾਪਿਆਂ ਲਈ ਨਹਿਸ਼ ਤੇ ਅਭਾਗਾ ਹੈ।

ਉਨ੍ਹਾਂ ਵਿਚਾਰਿਆਂ ਨੇ ਬਿਨਾਂ ਵਿਚਾਰਿਆਂ ਇਸ ਮਾਸੂਮ ਨੂੰ ਏਥੇ ਸੁਟ ਪਾਇਆ, ਪਰ 'ਜਾ ਕੋ ਰਾਖੇ ਸਾਈਆਂ, ਮਾਰ ਸਕੇ ਨ ਕੋਇ।' ਇਸ ਦੀ ਉਮਰ ਦੀ ਡੋਰ ਅਜੇ ਟੁੱਟੀ ਨਹੀਂ, ਅਜੇ ਕਰਤਾਰ ਦੇ ਹੁਕਮ ਅਨੁਸਾਰ ਇਸ ਨੇ ਸੰਸਾਰ ਵਿਚ ਬਹੁਤ ਕੁਝ ਕਰਨਾ ਸੀ, ਇਸ ਲਈ ਸਾਡੀ ਨਜ਼ਰ ਇਸ ਬਾਲਕ ਉਤੇ ਪੈ ਗਈ ਤੇ ਇਸ ਦੀ ਜਾਨ ਬਚ ਗਈ।

ਭਗਤੂ ਨੇ ਦੱਸਿਆ ਕਿ ਸ਼ਹਿਨਸ਼ਾਹ ਜੀ ਇਸ ਬਾਲਕ ਨੂੰ ਆਪਣੇ ਨਾਲ ਹੀ ਬਾਰਾਂ ਮੂਲੇ ਲੈ ਗਏ। ਪੁਛ-ਗਿੱਛ ਤੇ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਬਾਰਾਂ ਮੂਲੇ ਦੇ ਖੱਤਰੀ ਨੰਦੇ ਸ਼ਾਹ ਦੇ ਘਰ ਇਸ ਬਾਲਕ ਦਾ ਜਨਮ ਹੋਇਆ ਸੀ ਤੇ ਇਸ ਦੇ ਮੂੰਹ ਵਿਚ ਦੰਦ ਦੇਖ ਕੇ ਇਕ ਕਸ਼ਮੀਰੀ ਪੰਡਤ ਦੇ ਕਹੇ ਉਸ ਨੇ ਇਕ ਦਾਈ ਦੇ ਹੱਥੀਂ ਇਸ ਬਾਲਕ ਨੂੰ ਅਪਸ਼ਗਨਾ ਜਾਣ ਕੇ ਏਥੇ ਸੁਟਵਾ ਦਿੱਤਾ ਸੀ।

ਭਾਵੇਂ ਨੰਦੇ ਸ਼ਾਹ ਨੇ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਆ ਕੇ ਮੁਆਫੀ ਮੰਗੀ ਤੇ ਵਾਪਸ ਲੈਣ ਲਈ ਤਿਆਰ ਵੀ ਹੋ ਗਿਆ, ਪਰ ਦੀਨ ਦੁਨੀ ਦੇ ਮਾਲਕ ਗਰੀਬ ਨਿਵਾਜ ਸ਼ਹਿਨਸ਼ਾਹ ਨੇ ਇਹ ਬਾਲਕ ਉਸ ਦੇ ਮਾਤਾ ਪਿਤਾ ਨੂੰ ਨਾ ਦਿੱਤਾ ਅਤੇ ਉਨ੍ਹਾਂ ਨੂੰ ਮਰਜ਼ੀ ਅਨੁਸਾਰ ਇਸ ਨੂੰ ਆਪਣੇ ਨਾਲ ਹੀ ਅੰਮ੍ਰਿਤਸਰ ਲੈ ਆਏ।

ਰਾਮੇ ਸ਼ਾਹ ਨੇ ਲਾਲਾ ਸ਼ਿਵ ਰਾਮ ਜੀ ਨੂੰ ਇਸ ਬਾਲਕ ਦੀ ਇਸ ਤਰ੍ਹਾਂ ਜਾਣ ਪਛਾਣ ਕਰਾਈ।

ਲਾਲਾ ਸ਼ਿਵ ਰਾਮ ਜੀ ਹੈਰਾਨ ਸਨ ਕਿ ਉਹ ਨਿੱਕਾ ਜਿਹਾ ਬਾਲਕ, ਜਿਸ ਨੂੰ ਜੰਮਦੇ ਨੂੰ ਇਸ ਤਰ੍ਹਾਂ ਬੇਆਸਰਾ ਸੁਟ ਦਿੱਤਾ ਗਿਆ ਸੀ।

ਹੁਣ ਪੰਜ ਛੇ ਸਾਲ ਦਾ ਹੋ ਚੁੱਕਾ ਸੀ ਤੇ ਮੀਰੀ-ਪੀਰੀ ਦੇ ਮਾਲਕ ਸ਼ਹਿਨਸ਼ਾਹ ਇਸ ਨੂੰ ਆਪਣੇ ਬੱਚਿਆਂ ਵਾਂਗ ਹੀ ਲਾਡਲਾ ਜਾਣ ਕੇ ਇਸ

Sri Satguru Jagjit Singh Ji eLibrary NamdhariElibrary@gmail.com

ਦੀ ਪਾਲਣਾ ਕਰ ਰਹੇ ਸਨ।

ਰਾਮੇ ਸ਼ਾਹ ਨੂੰ ਕਹਿਣ ਲੱਗੇ, "ਪਰ ਤੁਸੀਂ ਇਸ ਕੋਲੋਂ ਦੁੱਧ ਤੇ ਮਠਿਆਈ ਦੇ ਪੈਸੇ ਕਿਉਂ ਨਹੀਂ ਲੈਂਦੇ ? ਕੀ ਹੁਣ ਇਸ ਦੇ ਪਾਲਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ ਹੈ ?"

ਨਹੀਂ ਸ਼ਾਹ ਜੀ! ਇਸ ਨੂੰ ੨੫ ਕੁ ਦਿਨ ਮੇਰੇ ਕੋਲ ਆਉਂਦਿਆਂ ਹੋ ਗਏ ਨੇ। ਮੇਰੇ ਕੋਲ ਇਹ ਭਗਤੂ ਹੀ ਲੈ ਕੇ ਆਇਆ ਸੀ ਤੇ ਕਹਿ ਗਿਆ ਸੀ ਕਿ ਸਤਿਗੁਰਾਂ ਨੇ ਫੁਰਮਾਇਆ ਹੈ ਇਹ ਸੁਥਰਾ ਤੁਹਾਡੇ ਕੋਲੋਂ ਆ ਕੇ ਦੁੱਧ, ਮਠਿਆਈ ਆਦਿ ਜੋ ਵੀ ਮੰਗੇ ਦੇ ਦਿਆ ਕਰੋ।

ਜਦੋਂ ਮਹੀਨਾ ਹੋ ਜਾਵੇ ਹਿਸਾਬ ਕਰ ਦੇ ਦੱਸ ਦੇਣਾ, ਤੁਹਾਨੂੰ ਪੈਸੇ ਮਿਲ ਜਾਣਗੇ। ਸ਼ਾਹ ਜੀ! ਜੇ ਪੈਸੇ ਨਾ ਵੀ ਮਿਲਣ ਤਾਂ ਕੀ ਪ੍ਰਵਾਹ ਏ। ਇਕ ਯਤੀਮ ਜਿਹਾ ਬਾਲਕ ਹੈ। ਪਰ ਸ਼ਹਿਨਸ਼ਾਹ ਕਿਸੇ ਦੀ ਇਕ ਕੱਚੀ ਕੌਡੀ ਵੀ ਰੱਖਣ ਲਈ ਤਿਆਰ ਨਹੀਂ ਹੋਣਗੇ ਤੇ ਮੈਂ ਜਿੰਨਾ ਵੀ ਉਧਾਰ ਦੇ ਰਿਹਾਂ ਹਾਂ, ਸ਼ਹਿਨਸ਼ਾਹ ਜੀ ਦੇ ਹੁਕਮ ਦੀ ਪਾਲਣਾ ਕਰ ਰਿਹਾ ਹਾਂ।

ਪਰ ਇਸਦਾ ਕੋਈ ਲੇਖਾ ਪੱਤਾ ਵੀ ਏ ਕਿ ਏਸੇ ਤਰ੍ਹਾਂ ਜੋ ਦਿਲ ਕਰੇ ਆ ਕੇ ਲੈ ਜਾਵੇ ? ਲਾਲਾ ਸ਼ਿਵ ਰਾਮ ਜੀ ਨੇ ਕਿਹਾ।

ਸ਼ਾਹ ਜੀ! ਲੇਖਾ ਪੱਤਾ ਕਿਸ ਦੇ ਨਾਲ ਕਰਨਾ ਏਂ। ਉਹ ਨੇ ਦੀਨ ਦੁਨੀ ਦੇ ਮਾਲਕ, ਗਰੀਬ ਨਿਵਾਜ, ਭਗਤ ਵਛਲ! ਮੈਂ ਜੋ ਜਾ ਕੇ ਅਰਜ਼ ਕਰਨੀ ਏਂ, ਉਹਨਾਂ ਨੇ ਪੈਸੇ ਦੇ ਦੇਣੇ ਨੇ। ਰਾਮ ਸ਼ਾਹ ਨੇ ਕਿਹਾ।

ਅਜੇ ਇਹ ਗੱਲਾਂ ਹੁੰਦੀਆਂ ਹੀ ਪਈਆਂ ਸਨ ਕਿ 'ਸੁਥਰਾ' ਫੇਰ ਆ ਗਿਆ ਅਤੇ ਦੋ ਲੱਡੂ ਬੂੰਦੀ ਦੇ ਮੰਗੇ। ਰਾਮੇ ਸ਼ਾਹ ਨੇ ਦੋ ਲੱਡੂ ਕਾਗਜ਼ ਤੇ ਰੱਖੇ ਅਤੇ 'ਸੁਥਰੇ' ਨੂੰ ਫੜਾ ਦਿੱਤੇ। ਸੁਥਰੇ ਨੇ ਉਹ ਦੋਵੇਂ ਇਕ ਹੋਰ ਬਾਲਕ ਨੂੰ ਦੇ ਦਿੱਤੇ।

ਜਿਹੜਾ ਉਸ ਦੇ ਨਾਲ ਹੀ ਖੇਡਦਾ ਖੇਡਦਾ ਆ ਗਿਆ ਸੀ, ਰਾਮੇ ਸ਼ਾਹ ਨੇ ਕਿਹਾ, "ਸੁਥਰਿਆ! ਇਹ ਕੀ, ਇਸ ਦੇ ਪੈਸੇ ਕੌਣ ਦੇਵੇਗਾ ?"

Sri Satguru Jagjit Singh Ji eLibrary NamdhariElibrary@gmail.com

ਸੁਥਰਾ ਹੱਸ ਪਿਆ ਤੇ ਕਹਿਣ ਲੱਗਾ, "ਜਿਹੜਾ ਲੱਡੂ ਖਾਏਗਾ, ਉਹ ਪੈਸੇ ਦਏਗਾ ਜਾਂ ਉਹ ਦਏਗਾ, ਜਿਸ ਨੇ ਇਸ ਨੂੰ ਇਸ ਦੁਨੀਆਂ ਵਿਚ ਭੇਜਿਆ ਹੈ।"

ਸੁਥਰੇ ਦਾ ਉੱਤਰ ਸੁਣ ਕੇ ਰਾਮੇ ਸ਼ਾਹ ਹੈਰਾਨ ਰਹਿ ਗਿਆ ਤੇ ਉਸ ਵੇਲੇ ਚੁੱਪ ਕਰ ਰਿਹਾ। ਉਹ ਜਾਣਦਾ ਸੀ ਕਿ ਉਸ ਦੇ ਪੈਸੇ ਕਿਤੇ ਨਹੀਂ ਚਲੇ। ਸਗੋਂ ਸਤਿਗੁਰਾਂ ਦੀ ਬਖਸ਼ਿਸ਼ ਚਾਹੀਦੀ ਏ। ਉਹਨਾਂ ਦੀ ਬਖਸ਼ਿਸ਼ ਵਿਚ ਸਭ ਰਿੱਧੀਆਂ-ਸਿਧੀਆਂ ਨੇ, ਜਿਨ੍ਹਾਂ ਉਤੇ ਕਰਮ ਹੋ ਗਿਆ ਤੇ ਕਿਰਪਾ ਦ੍ਰਿਸ਼ਟ ਹੋ ਗਈ ਰਿੱਧੀਆਂ-ਸਿਧੀਆਂ ਉਨ੍ਹਾਂ ਦੇ ਮਗਰ ਲੱਗੀਆਂ ਫਿਰਦੀਆਂ ਹਨ।

ਸੋ ਮੇਰੇ ਇਹ ਚਾਰ ਪੈਸੇ ਕਿਤੇ ਦੌੜ ਨਹੀਂ ਚੱਲੇ। ਇਸ ਤਰ੍ਹਾਂ ਕਈ ਪ੍ਰਕਾਰ ਦੀ ਰਹਿਮਤ ਤਾਂ ਸ਼ਹਿਨਸ਼ਾਹ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੋ ਜਾਂਦੀ ਹੈ।

ਪੰਜਾਂ ਦਿਨਾਂ ਮਗਰੋਂ ਰਾਮੇ ਸ਼ਾਹ ਮੀਰੀ-ਪੀਰੀ ਦੇ ਮਾਲਕ ਸੋਢੀ ਸੁਲਤਾਨ ਜੀ ਦੀ ਹਜ਼ੂਰੀ ਵਿਚ ਆਇਆ ਅਤੇ ਬੇਨਤੀ ਕੀਤੀ।

"ਸ਼ਹਿਨਸ਼ਾਹ! ਅੱਜ ਤੁਹਾਡੇ ਸੁਥਰੇ ਨੂੰ ਮੇਰੀ ਦੁਕਾਨ ਤੋਂ ਸੌਦਾ ਲੈਂਦਿਆਂ ਮਹੀਨਾ ਹੋ ਗਿਆ ਹੈ। ਆਪ ਦਾ ਇਹ ਸੇਵਕ ਪੈਸੇ ਲੈਣ ਲਈ ਹਾਜ਼ਰ ਹੋਇਆ ਹੈ।"

ਸਤਿਗੁਰਾਂ ਨੇ ਹੁਕਮ ਕੀਤਾ ਕਿ ਸੁਥਰੇ ਨੂੰ ਬੁਲਾਇਆ ਜਾਵੇ, ਇਕ ਸੇਵਾਦਾਰ ਗਿਆ ਤੇ ਸੁਥਰੇ ਨੂੰ ਆਪਣੇ ਨਾਲ ਲੈ ਆਇਆ, ਸੁਥਰੇ ਨੇ ਆਉਂਦਿਆਂ ਹੀ ਸੱਚੇ ਪਾਤਸ਼ਾਹ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਫੇਰ ਆਲੇ-ਦੁਆਲੇ ਖੜ੍ਹੇ ਸੱਜਣਾਂ ਅਗੇ ਹੱਥ ਜੋੜ ਕੇ 'ਸਤਿ ਕਰਤਾਰ' ਕਿਹਾ।

ਸਤਿਗੁਰਾਂ ਨੇ ਕਿਹਾ, "ਮੌਜਾਂ ਵਿਚ ਐਂ ਨਾ, ਕੋਈ ਤੰਗੀ ਤੇ ਨਹੀਂ ਨਾ ?"

"ਸ਼ਹਿਨਸ਼ਾਹ! ਜਿਸ ਦੇ ਸਿਰ ਉਤੇ ਕਰਤਾਰ ਸਿਰਜਨਹਾਰ ਹੋਵੇ,

ਉਸ ਨੂੰ ਤੰਗੀ ਕਿਸ ਗੱਲ ਦੀ।" ਸੁਥਰੇ ਨੇ ਕਿਹਾ। ਇਸ ਬਾਲਕ ਦੀ ਇਹ ਗੱਲ ਸੁਣ ਕੇ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਪੁੱਛਿਆ :

"ਕਿਉਂ ਬਈ! ਤੂੰ ਸ਼ਾਹ ਹੋਰਾਂ ਕੋਲੋਂ ਮਠਿਆਈ ਲੈਂਦਾ ਰਿਹਾ ਹੈਂ ਤੇ ਦੁੱਧ ਪੀਂਦਾ ਰਿਹਾ ਹੈਂ ?"

"ਜੀ ਕਿਹੜੇ ਸ਼ਾਹ ਹੋਰਾਂ ਕੋਲੋਂ ?" ਸੁਥਰੇ ਨੇ ਕਿਹਾ।

"ਇਹ ਰਾਮੇ ਸ਼ਾਹ ਹੋਰੀਂ ਖੜ੍ਹੇ ਨੇ, ਹੋਰ ਸ਼ਾਹ ਕਿਹੜੇ ?"

"ਇਹ ਤੇ ਮੇਰੇ ਸ਼ਹਿਨਸ਼ਾਹ ਦੇ ਆਪ ਮੰਗਤੇ ਨੇ, ਮੈਨੂੰ ਇਨ੍ਹਾਂ ਨੇ ਕੀ ਦੇਣਾ ਸੀ ਤੇ ਮੈਂ ਇਨ੍ਹਾਂ ਕੋਲੋਂ ਕੀ ਲੈਣਾ ਸੀ ? " ਸੁਥਰੇ ਨੇ ਬੜੀ ਗੰਭੀਰਤਾ ਨਾਲ ਕਿਹਾ।

"ਕਿਉਂ ਬਈ! ਮੁਕਰਨਾ ਕਿਉਂ ਏਂ ? ਤੂੰ ਮੇਰੀ ਦੁਕਾਨ 'ਤੇ ਆ ਕੇ ਦੁੱਧ ਨਹੀਂ ਪੀਂਦਾ ਰਿਹਾ ਤੇ ਮਠਿਆਈ ਨਹੀਂ ਖਾਂਦਾ ਰਿਹਾ ?" ਰਾਮੇ ਸ਼ਾਹ ਨੇ ਕਿਹਾ।

"ਨਹੀਂ, ਮੈਂ ਕਿਸੇ ਕੋਲੋਂ ਕੁਛ ਨਹੀਂ ਲੈਂਦਾ ਰਿਹਾ। ਮੈਨੂੰ ਤੇ ਮੇਰਾ ਕਰਤਾਰ ਦੇਂਦਾ ਏ ਤੇ ਮੈਂ ਖਾਂਦਾ ਹਾਂ।" ਸੁਥਰੇ ਨੇ ਉਤਰ ਦਿੱਤਾ।

"ਹੈਂ! ਤੂੰ ਖਾ ਪੀ ਕੇ ਮੁਕਰਨਾ ਏਂ ?" ਰਾਮੇ ਨੇ ਕਿਹਾ।

"ਮੈਂ ਇਕੱਲਾ ਤੇ ਨਹੀਂ ਮੁਕਰਦਾ, ਏਥੇ ਤੇ ਰੋਜ਼ ਇਹੋ ਪਾਠ ਹੁੰਦਾ ਏ, 'ਕੇਤੇ ਲੈ ਲੈ ਮੁਕਰ ਪਾਹਿ' ਸੁਥਰੇ ਨੇ ਉਤਰ ਦਿੱਤਾ।

ਸ਼ਹਿਨਸ਼ਾਹ ਮੀਰੀ-ਪੀਰੀ ਦੇ ਮਾਲਕ ਸੁਥਰੇ ਸ਼ਾਹ ਦੀ ਹਾਜ਼ਰ ਜੁਆਬੀ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ, "ਏਨੀ ਤੁਕ ਹੀ ਯਾਦ ਕੀਤੀ ਊ ਕਿ ਅਗਲੀ ਵੀ ?"

"ਮਹਾਰਾਜ! ਅਗਲੀ ਤੁਕ ਯਾਦ ਕਰਨ ਨੂੰ ਹੋਰ ਥੋੜ੍ਹੇ ਨੇ। ਜੇ ਏਨੀ ਹੀ ਯਾਦ ਰਹਿ ਜਾਏ ਬੱਸ ਨਹੀਂ। ਹੋਰ ਯਾਦ ਕਰ ਕੇ ਕੀ ਮਿਲਣਾ ਵੀ ਕੀ ਏ ?" ਸੁਥਰੇ ਨੇ ਉਤਰ ਦਿੱਤਾ।

ਰਾਮੇ ਸ਼ਾਹ ਹੈਰਾਨ ਸੀ ਕਿ ਇਸ ਨਿੱਕੇ ਜਿਹੇ ਛੋਕਰੇ ਨੇ ਕਮਾਲ ਕਰ ਦਿੱਤੀ ਏ। ਭਲੇ ਨੂੰ ਘਟ-ਘਟ ਦੀ ਜਾਨਣਹਾਰ ਦਾਤਾਰ ਮੈਨੂੰ ਚੰਗੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਤਰ੍ਹਾਂ ਜਾਣਦੇ ਨੇ, ਨਹੀਂ ਤੇ ਏਸ ਮੁੰਡੇ ਨੇ ਤੇ ਮੈਨੂੰ ਝੂਠਿਆਂ ਕਰ ਦਿੱਤਾ ਸੀ।

ਰਾਮੇ ਸ਼ਾਹ ਨੇ ਕਿਹਾ, "ਕਿਉਂ ਕਾਕਾ! ਯਾਦ ਈ, ਅੱਜ ਪੰਜ ਦਿਨ ਹੋਏ ਨੇ ਤੂੰ ਆਪਣੇ ਇਕ ਹਾਣੀ ਨੂੰ ਵੀ ਲੱਡੂ ਲੈ ਕੇ ਦਿੱਤੇ ਸਨ ?"

"ਸ਼ਾਹ ਜੀ! ਮੈਂ ਕਿਉਂ ਲੈ ਕੇ ਦੇਣੇ ਸਨ। ਮੈਂ ਆਪ ਲੈ ਕੇ ਖਾਂਦਾ, ਤੁਸੀਂ ਆਪ ਹੀ ਉਹਨੂੰ ਫੜਾਏ ਸਨ। ਉਹ ਖਾ ਗਿਆ ਤੇ ਮੈਂ ਮੂੰਹ ਦੇਖਦਾ ਹੀ ਰਹਿ ਗਿਆ। ਨਾਲੇ ਮੇਰਾ ਹਾਣੀ ਤੇ ਏਸ ਦੁਨੀਆਂ ਵਿਚ ਕੋਈ ਨਹੀਂ। ਤੁਸੀਂ ਜਾਣੋ ਉਹ ਜਾਣੇ। ਮੈਂ ਜਾਣਾ ਮੇਰਾ ਕਰਤਾਰ ਜਾਣੇ।

ਸ਼ਹਿਨਸ਼ਾਹ ਜਾਨਣ ਜਾਂ ਫਕੀਰ ਜਾਣੇ। ਕੋਈ ਕਿਸੇ ਨੂੰ ਦੇਂਦਾ ਨਹੀਂ ਤੇ ਕੋਈ ਕਿਸੇ ਤੋਂ ਲੈਂਦਾ ਨਹੀਂ। ਮੈਂ ਤੇ ਏਨਾ ਜਾਣਦਾ ਹਾਂ ਕਿ ਸਭਨਾਂ ਦਾ ਦੇਵਣਹਾਰ ਇਕੋ ਹੈ, ਪਰ ਉਹ ਦੇਵਣਹਾਰ ਦੇਂਦਾ ਹੈ, ਪਰ ਪੈਸੇ ਨਹੀਂ ਮੰਗਦਾ।

ਸੁਥਰੇ ਦੇ ਇਹ ਬਚਨ ਸੁਣ ਕੇ ਸਾਰੇ ਹੱਸ ਪਏ। ਸਤਿਗੁਰਾਂ ਨੇ ਰਾਮੇ ਸ਼ਾਹ ਨੂੰ ਉਸ ਦੇ ਪੈਸੇ ਦੇ ਕੇ ਪਿਛਲਾ ਹਿਸਾਬ ਚੁਕਾਇਆ, ਸੁਥਰਾ ਫੇਰ ਬੋਲ ਪਿਆ, 'ਸ਼ਾਹ ਜੀ! ਜਿਹੜਾ ਆਪ ਮੰਗਤਾ ਹੋਵੇ, ਉਹ ਕਿਸੇ ਨੂੰ ਕੀ ਦੇ ਸਕਦਾ ਏ ?'

ਸਤਿਗੁਰਾਂ ਨੇ ਕਿਹਾ, "ਕਾਕਾ! ਏਨੀਆਂ ਗੱਲਾਂ ਨਹੀਂ ਕਰੀਦੀਆਂ। ਹਰ ਇਕ ਦਾ ਸਤਿਕਾਰ ਕਰੀਦਾ ਏ। ਉਹ ਤੈਨੂੰ ਤੇਰੇ ਮਿੱਤਰਾਂ ਨੂੰ ਮਠਿਆਈ ਦੇਂਦਾ ਰਿਹਾ ਏ ਤੇ ਅਗੇ ਤੋਂ ਵੀ ਦੇਵੇਗਾ, ਪੈਸੇ ਅਸੀਂ ਦੇਵਾਂਗੇ, ਤੂੰ ਚੁੱਪ ਕਰਕੇ ਲਈ ਜਾ ਤੇ ਮੌਜਾਂ ਕਰ।"

"ਮੇਰੇ ਸ਼ਹਿਨਸ਼ਾਹ! ਜਿਹੜਾ ਆਪ ਮੰਗਤਾ ਹੋਵੇ, ਉਹਨੇ ਕਿਸੇ ਨੂੰ ਕੀ ਦੇਣਾ ਹੋਇਆ ? ਨਾਲੇ ਮੰਗਤਿਆਂ ਤੋਂ ਮੰਗਣਾ ਤੇ ਲਾਅਨਤੀਆਂ ਦਾ ਕੰਮ ਹੈ। ਮੈਂ ਲਾਅਨਤੀ ਨਹੀਂ ਬਣਨਾ ਚਾਹੁੰਦਾ ਤੇ ਨਾ ਹੀ ਮੈਂ ਮੁੜ ਕੇ ਇਹੋ ਜਿਹੇ ਕੋਲੋਂ ਜਾਵਾਂਗਾ, ਜਿਹੜਾ ਆਪ ਦਾਤਾ ਪਿਆ ਬਣਦਾ ਏ।"

Sri Satguru Jagjit Singh Ji eLibrary NamdhariElibrary@gmail.com

ਸੁਥਰੇ ਨੇ ਕਿਹਾ, ਅਗੋਂ ਰਾਮੇ ਸ਼ਾਹ ਕੁਛ ਨਾ ਬੋਲਿਆ। ਸਤਿਗੁਰਾਂ ਅਗੇ ਨਮਸਕਾਰ ਕਰਕੇ ਆਗਿਆ ਮੰਗੀ।

"ਸ਼ਾਹ ਜੀ! ਤੁਹਾਨੂੰ ਏਥੇ ਸੱਦਿਆ ਕੀਹਨੇ ਸੀ, ਹੁਣ ਆਗਿਆ ਮੰਗਦੇ ਹੋ।" ਸੁਥਰੇ ਨੇ ਵਿਅੰਗ ਨਾਲ ਕਿਹਾ। "ਹਾਂ ਮੈਂ ਸਮਝ ਗਿਆ, ਮੁਆਫ ਕਰਨਾ ਸ਼ਹਿਨਸ਼ਾਹ ਦੇ ਦਰ ਉਤੇ ਤਾਂ ਲੱਖਾਂ ਹੀ ਆਉਂਦੇ ਹਨ, ਦਾਤਾਂ ਮੰਗਦੇ ਹਨ।"

ਕੋਈ ਡਰ ਨਹੀਂ, ਸ਼ਾਹ ਜੀ! ਸ਼ਹਿਨਸ਼ਾਹ ਦੇ ਦਰ ਦੇ ਅਸੀਂ ਸਾਰੇ ਹੀ ਮੰਗਤੇ ਹਾਂ। ਸੋ ਖਿਮਾ ਕਰਨਾ ਜੇ ਮੈਂ ਏਨੀ ਗੱਲ ਕਹਿਣ ਦੀ ਦਲੇਰੀ ਕੀਤੀ ਏ। ਚੰਗਾ 'ਸਤਿ ਕਰਤਾਰ।'

www.archive.org/details/namdhari

# ੨

ਇਹ ਸੁਥਰਾ ਜਿਉਂ-ਜਿਉਂ ਵੱਡਾ ਹੁੰਦਾ ਗਿਆ, ਤਿਉਂ-ਤਿਉਂ ਬੜਾ ਬੇਪ੍ਵਾਹ, ਮਖੌਲੀਆ ਤੇ ਟਿਚਕਰਬਾਜ਼ ਹੁੰਦਾ ਗਿਆ। ਕਹਿੰਦੇ ਹਨ ਕਿ ਜਦੋਂ ਇਹ ਅਜੇ ੧੫-੧੬ ਵਰ੍ਹਿਆਂ ਦਾ ਹੀ ਸੀ ਕਿ ਇਹ ਹਰ ਇਕ ਉਤੇ ਟੀਕਾ ਟਿੱਪਣੀ ਤੇ ਹਰ ਇਕ ਉਤੇ ਨੁਕਤਾਚੀਨੀ ਕਰਨ ਲੱਗ ਪਿਆ।

ਇਕ ਵਾਰੀ ਦੀ ਗੱਲ ਹੈ ਕਿ ਸਾਹਿਬ ਮੀਰੀ-ਪੀਰੀ ਦੇ ਮਾਲਕ ਅਜੇ ਦਰਬਾਰ ਵਿਚ ਨਹੀਂ ਸਨ ਆਏ, ਦੀਵਾਨ ਸਜਿਆ ਸੀ। ਰਾਗੀ ਕੀਰਤਨ ਕਰ ਰਹੇ ਸਨ ਅਤੇ ਇਕ ਸ਼ਬਦ ਦੀ ਵਿਆਖਿਆ ਕਰ ਰਹੇ ਸਨ।

ਸੁਥਰਾ ਗੁਰ-ਦਰਬਾਰ ਵਿਚ ਗਿਆ, ਦੇਖਿਆ ਕਿ ਸ਼ਹਿਨਸ਼ਾਹ ਸੁਲਤਾਨ ਜੀ ਆਪਣੇ ਸਿੰਘਾਸਣ ਉਤੇ ਬਿਰਾਜਮਾਨ ਨਹੀਂ ਹਨ ਤੇ ਸੰਗਤ ਵਿਚ ਰਾਗੀ ਕੀਰਤਨ ਕਰ ਰਹੇ ਹਨ ਤੇ ਨਾਲ ਹੀ ਸ਼ਬਦ ਦੀ ਵਿਆਖਿਆ ਕਰ ਰਹੇ ਹਨ।

ਕਈ ਸੰਗਤ ਵਿਚ ਬੈਠੇ ਆਪਸ ਵਿਚ ਗੱਲਾਂ ਕਰ ਰਹੇ ਹਨ ਅਤੇ ਕਈ ਮਾਈਆਂ ਗੱਲਾਂ ਵੀ ਕਰਦੀਆਂ ਪਈਆਂ ਹਨ ਤੇ ਨਾਲ ਸੂਤਰ ਵੀ ਅਟਰਦੀਆਂ ਪਈਆਂ ਹਨ।

ਸੁਥਰਾ ਇਹ ਕੁਝ ਦੇਖ ਕੇ ਚਕ੍ਰਿਤ ਰਹਿ ਗਿਆ। ਅਗੇ ਵਧਿਆ, ਦੋਵੇਂ ਹੱਥ ਜੋੜ ਕੇ ਰਾਗੀਆਂ ਵੱਲ ਪਿੱਠ ਕਰ ਕੇ ਉਨ੍ਹਾਂ ਅਗੇ ਜਾ ਖਲੋਤਾ।

ਰਾਗੀਆਂ ਨੇ ਕੜਕ ਕੇ ਕਿਹਾ, 'ਸੁਥਰਿਆ ! ਅਗੋਂ ਹੱਟ ਜਾ, ਦੇਖਦਾ ਨਹੀਂ ਕਿ ਕੀਰਤਨ ਹੋ ਰਿਹਾ ਹੈ ਤੇ ਤੂੰ ਅਗੇ ਆ ਖਲੋਤਾ ਏਂ।'

'ਸਾਧ ਸੰਗਤ ਜੀ ! ਸਤਿ ਕਰਤਾਰ।' ਸੁਥਰੇ ਨੇ ਜ਼ੋਰ ਨਾਲ ਉਚੀ ਆਵਾਜ਼ ਵਿਚ ਕਿਹਾ। ਸਾਰਿਆਂ ਦਾ ਧਿਆਨ ਸੁਥਰੇ ਵੱਲ ਹੋ ਗਿਆ ਕਿ ਪਤਾ ਨਹੀਂ, ਇਹ ਕੀ ਕਹਿਣ ਲੱਗਾ ਹੈ।

Sri Satguru Jagjit Singh Ji eLibrary NamdhariElibrary@gmail.com

ਅੰਤ ਸੁਥਰਾ ਬੋਲਿਆ, 'ਸਤਿਗੁਰੂ ਦੀ ਪਿਆਰੀ ਸਾਧ ਸੰਗਤ ਜੀ! ਤੁਸੀਂ ਇਹ ਕੀ ਸੁਣ ਰਹੇ ਹੋ, ਮੇਰੀ ਵੀ ਸੁਣੋ।' ਸਾਰਿਆਂ ਦਾ ਧਿਆਨ ਇਸ ਵੱਲ ਖਿਚਿਆ ਗਿਆ।

'ਲੱਖ ਲ੍ਹਾਨਤ ਸੁਣਾਉਣ ਵਾਲਿਆਂ ਨੂੰ ਤੇ ਫਿੱਟੇ ਮੂੰਹ ਸੁਣਨ ਵਾਲਿਆਂ ਦਾ।' ਏਨੇ ਸ਼ਬਦ ਕਹਿ ਕੇ ਸੁਥਰਾ ਖਿਸਕਦਾ ਹੋਇਆ।

ਰਾਗੀਆਂ ਨੇ ਆਪਣੀ ਹੱਤਕ ਮਹਿਸੂਸ ਕੀਤੀ। ਸੰਗਤ ਵਿਚ ਵੀ ਇਹਨਾਂ ਸ਼ਬਦਾਂ ਦਾ ਚਰਚਾ ਛਿੜ ਪਿਆ। ਕੀਰਤਨ ਬੰਦ ਹੋ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਵੰਨ-ਸੁਵੰਨੀਆਂ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ।

ਘੜੀ ਕੁ ਮਗਰੋਂ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਜੀ ਗੁਰ-ਦਰਬਾਰ ਵਿਚ ਪਧਾਰੇ। ਦੇਖਿਆ ਕਿ ਕੀਰਤਨ ਬੰਦ ਸੀ ਅਤੇ ਰੌਲਾ ਪਿਆ ਹੋਇਆ ਸੀ।

ਪੁੱਛਿਆ ਕੀ ਗੱਲ ਹੈ ? ਅੱਜ ਕੀਰਤਨ ਕਿਉਂ ਨਹੀਂ ਹੋ ਰਿਹਾ ? ਇਹ ਰੌਲਾ ਕਿਸ ਗੱਲ ਦਾ ਮਚਿਆ ਹੋਇਆ ਹੈ ?

ਇਕ ਰਾਗੀ ਉਠਿਆ ਤੇ ਬੇਨਤੀ ਕਰਨ ਲੱਗਾ, ' ਸੱਚੇ ਪਾਤਸ਼ਾਹ! ਅੱਜ ਤੁਹਾਡਾ ਲਾਡਲਾ ਸੁਥਰਾ ਸੰਗਤ ਵਿਚ ਗਾਲ੍ਹਾਂ ਕੱਢ ਕੇ ਗਿਆ ਹੈ ਤੇ ਆਪ ਖਿਸਕ ਗਿਆ ਹੈ।'

ਸਤਿਗੁਰੂ ਜੀ ਹੈਰਾਨ ਸਨ ਕਿ ਸੁਥਰੇ ਨੂੰ ਗਾਲ੍ਹਾਂ ਕੱਢਣ ਦੀ ਕੀ ਲੋੜ ਸੀ ? ਫੇਰ ਸੰਗਤ ਵਿਚ ਆ ਕੇ ਸਾਰਿਆਂ ਦੇ ਸਾਹਮਣੇ ਇਸ ਤਰ੍ਹਾਂ ਗਾਲ੍ਹਾਂ ਕੱਢਣੀਆਂ, ਇਹ ਠੀਕ ਪ੍ਰਤੀਤ ਨਹੀਂ ਹੁੰਦਾ।

ਹਜ਼ੂਰ ਨੇ ਪੁੱਛਿਆ, 'ਕਿਉਂ ਬਈ ਗੁਰਮੁਖੋ ! ਉਹ ਕੀ ਗਾਲ੍ਹਾਂ ਕੱਢ ਕੇ ਗਿਆ ਹੈ ਤੇ ਕਿਹੜੀ ਗੱਲੋਂ ਅਤੇ ਕਿਸ ਨੂੰ ਗਾਲ੍ਹਾਂ ਕੱਢੀਆਂ ਸਨ ?'

'ਸੱਚੇ ਪਾਤਸ਼ਾਹ ਜੀਓ ! ਆਪ ਘਟ-ਘਟ ਦੇ ਜਾਣੀ ਜਾਣ ਹੋ।' ਰਾਗੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਕਿਹਾ ਸੱਚੇ ਪਾਤਸ਼ਾਹ ਜੀਓ ! ਉਸ ਨੇ ਕਿਸੇ ਨੂੰ ਗਾਲ ਨਹੀਂ ਕੱਢੀ।

ਸਗੋਂ ਸੰਗਤ ਵਿਚ ਇਹ ਕਹਿ ਕੇ ਗਿਆ ਏਂ, 'ਲੱਖ ਲ੍ਹਾਨਤ

ਸੁਣਾਉਣ ਵਾਲਿਆਂ ਦਾ ਤੇ ਫਿਟੇ ਮੂੰਹ ਸੁਣਨ ਵਾਲਿਆਂ ਦਾ।'

ਸਤਿਗੁਰੂ ਜੀ ਹੈਰਾਨ ਸਨ ਕਿ ਇਹ ਗੱਲ ਕਿਉਂ ਹੋਈ ? ਕੀ ਕਿਸੇ ਨੇ ਉਸ ਨੂੰ ਕੁਝ ਕਿਹਾ ਸੀ ? ਆਪ ਨੇ ਹੁਕਮ ਕੀਤਾ, 'ਕਿ ਜਾਓ ! ਜਿਥੇ ਵੀ ਸੁਥਰਾ ਮਿਲੇ ਫੜ ਲਿਆਓ।'

ਸੁਥਰਾ ਓਥੇ ਨਹੀਂ ਸੀ, ਉਹ ਸ਼ਹਿਰੋ ਬਾਹਰ ਖਿਸਕ ਗਿਆ ਸੀ। ਉਹ ਹਰਿਦੁਆਰ ਵੱਲ ਤੁਰ ਪਿਆ ਸੀ। ਇਕ ਦੋ ਦਿਨ ਉਸ ਦੀ ਭਾਲ ਹੁੰਦੀ ਰਹੀ, ਪਰ ਉਹ ਕਿਤੇ ਨਾ ਮਿਲਿਆ। ਹੌਲੀ-ਹੌਲੀ ਇਹ ਘਟਨਾ ਸਾਰਿਆਂ ਨੂੰ ਵਿਸਰ ਗਈ।

ਤਿੰਨਾਂ ਸਵਾ ਤਿੰਨਾਂ ਮਹੀਨਿਆਂ ਮਗਰੋਂ ਸੁਥਰਾ ਆ ਗੁਰ-ਦਰਬਾਰ ਵਿਚ ਹਾਜ਼ਰ ਹੋਇਆ। ਦੋਵੇਂ ਹੱਥ ਜੋੜ ਕੇ ਸੰਗਤ ਵਿਚ ਖਲੋ ਗਿਆ ਅਤੇ ਕਹਿਣ ਲੱਗਾ। 'ਸਾਧ ਸੰਗਤ ਜੀ ! ਸਤਿ ਕਰਤਾਰ।'

ਸਾਰੇ ਹੱਸ ਪਏ। ਪਰ ਰਾਗੀਆਂ ਨੂੰ ਉਸ ਗੱਲ ਦਾ ਬੜਾ ਗੁੱਸਾ ਸੀ। ਸਤਿਗੁਰਾਂ ਦੀ ਹਜ਼ੂਰੀ ਵਿਚ ਆ ਕੇ ਕਹਿਣ ਲੱਗਾ, 'ਸ਼ਹਿਨਸ਼ਾਹ ! ਜੀ ! ਸੁਥਰਾ ਆ ਗਿਆ ਜੇ।'

'ਹਾਂ, ਸੱਚੇ ਪਾਤਸ਼ਾਹ, ਮੈਂ ਆਪ ਦੀ ਹਜ਼ੂਰੀ ਵਿਚ ਸਾਖ ਸ਼ਾਤ ਖੜ੍ਹਾ ਹਾਂ।' ਸੁਥਰੇ ਨੇ ਕਿਹਾ।

ਸਤਿਗੁਰਾਂ ਨੇ ਫੁਰਮਾਇਆ, 'ਭਾਈ ਸੁਥਰਿਆ ! ਤੇਰੀ ਇਹ ਸ਼ਕਾਇਤ ਕਰਦੇ ਨੇ ਕਿ ਤੂੰ ਇਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਸਨ।'

'ਨਹੀਂ ਸੱਚੇ ਪਾਤਸ਼ਾਹ ! ਮੈਂ ਗਾਲ੍ਹਾਂ ਕਿਉਂ ਕੱਢਣੀਆਂ ਸਨ ਮੇਰਾ ਇਨ੍ਹਾਂ ਨੇ ਕੀ ਵਿਗਾੜਿਆ ਏ, ਜੋ ਮੈਂ ਗਾਲ੍ਹਾਂ ਕੱਢਣੀਆਂ ਸਨ। ਮੈਂ ਤੇ ਹਜ਼ੂਰ ਤਿੰਨਾ ਮਹੀਨਿਆਂ ਮਗਰੋਂ ਆਪ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਹਾਂ ! ਸੁਥਰੇ ਨੇ ਬੜੀ ਨਿਮਰਤਾ ਨਾਲ ਕਿਹਾ।

'ਹਾਂ, ਹਾਂ, ਹਜ਼ੂਰ ਤਿੰਨ ਮਹੀਨੇ ਹੀ ਹੋਏ ਹਨ, ਜਦੋਂ ਇਹ ਗਾਲ੍ਹਾਂ ਕੱਢ ਕੇ ਗਿਆ ਸੀ।' ਰਾਗੀ ਨੇ ਹੱਥ ਜੋੜ ਕੇ ਬੇਨਤੀ ਕੀਤੀ।

'ਮੇਰੇ ਸ਼ਹਿਨਸ਼ਾਹ ਜੀਓ ! ਮੈਨੂੰ ਤੇ ਕੋਈ ਇਹੋ ਜਿਹੀ ਗੱਲ ਯਾਦ

ਨਹੀਂ, ਜਿਸ ਤੋਂ ਝਗੜਾ ਹੋ ਪਿਆ ਹੋਵੇ ਤੇ ਗਾਲ੍ਹਾਂ ਕੱਢੀਆਂ ਹੋਣ। ਇਨ੍ਹਾਂ ਕੋਲੋਂ ਪੁੱਛਿਆ ਜਾਵੇ ਕਿ ਗੱਲ ਕੀ ਸੀ ਕਿ ਮੈਂ ਗਾਲ੍ਹਾਂ ਕੱਢਣ ਲੱਗ ਪਿਆ ਸਾਂ।' ਸੁਥਰੇ ਨੇ ਅਰਜ਼ ਕੀਤੀ।

ਉਹ ਰਾਗੀ ਬੋਲਿਆ, 'ਮਹਾਰਾਜ ! ਗੱਲ ਤੇ ਕੋਈ ਵੀ ਨਹੀਂ ਸੀ ਹੋਈ ਤੇ ਨਾ ਹੀ ਕੋਈ ਝਗੜਾ ਹੋਇਆ ਸੀ। ਅਸੀਂ ਕੀਰਤਨ ਕਰਦੇ ਪਏ ਸਾਂ ਤੇ ਨਾਲ ਹੀ ਸ਼ਬਦ ਦੀ ਵਿਆਖਿਆ ਕਰਦੇ ਪਏ ਸਾਂ, ਤਾਂ ਇਹ ਸੰਗਤ ਵਿਚ ਆ ਕੇ ਸਾਨੂੰ ਤੇ ਸੁਣਨ ਵਾਲਿਆਂ ਨੂੰ ਫਿਟਕਾਰ ਪਾ ਕੇ ਚਲਾ ਗਿਆ।'

ਸੁਥਰੇ ਨੇ ਕਿਹਾ,'ਬਖਸ਼ਣਹਾਰ ਪਾਤਸ਼ਾਹ ਜੀਓ ! ਇਹਨਾਂ ਕੋਲੋਂ ਪੁੱਛਿਆ ਜਾਵੇ ਕਿ ਉਹ ਕਿਹੜਾ ਸ਼ਬਦ ਸੀ, ਜਿਸ ਦੀ ਇਹ ਵਿਆਖਿਆ ਕਰਦੇ ਪਏ ਸਨ ਤੇ ਮੈਂ ਫਿਟਕਾਰਾਂ ਪਾਈਆਂ।'

'ਮਹਾਰਾਜ ! ਤਿੰਨ ਮਹੀਨੇ ਤੋਂ ਵੱਧ ਹੋ ਗਏ ਨੇ, ਐਨਾ ਚਿਰਾਂ ਦਾ ਯਾਦ ਰਹਿੰਦਾ ਏ ਕਿ ਉਹ ਕਿਹੜਾ ਸ਼ਬਦ ਸੀ, ਜਿਸ ਦੀ ਵਿਆਖਿਆ ਕਰਦੇ ਪਏ ਸਾਂ ਤੇ ਇਸ ਨੇ ਫਿਟਕਾਰਾਂ ਪਾਈਆਂ।' ਉਸ ਰਾਗੀ ਨੇ ਹੱਥ ਜੋੜ ਕੇ ਬੇਨਤੀ ਕੀਤੀ।

'ਮਹਾਰਾਜ ! ਅਸੀਂ ਸੰਗਤ ਵਿਚ ਨਾਮ ਬਾਣੀ ਦਾ ਲਾਭ ਪ੍ਰਾਪਤ ਕਰਨ ਆਉਂਦੇ ਹਾਂ, ਪਰ ਇਹ ਰਾਗੀ ਸਾਹਿਬ ਕਹਿੰਦੇ ਪਏ ਹਨ ਕਿ ਇਹਨਾਂ ਨੂੰ ਉਹ ਸ਼ਬਦ ਯਾਦ ਹੀ ਨਹੀਂ, ਜਿਸ ਦੀ ਇਹ ਵਿਆਖਿਆ ਕਰਦੇ ਪਏ ਸਨ।'

ਤਾਂ ਫੇਰ ਉਸ ਨਾਲੋਂ ਮੇਰੀਆਂ ਉਹ ਗਾਲ੍ਹਾਂ ਹੀ ਚੰਗੀਆਂ ਰਹੀਆਂ,ਜਿਹੜੀਆਂ ਅਜੇ ਤਕ ਯਾਦ ਤੇ ਹਨ, ਉਹ ਸ਼ਬਦ ਤੇ ਇਹ ਭੁੱਲ ਗਏ ਹਨ, ਸੁਥਰੇ ਨੇ ਕਿਹਾ।

ਸ਼ਹਿਨਸ਼ਾਹ ਮੀਰੀ-ਪੀਰੀ ਦੇ ਮਾਲਕ ਸੁਥਰੇ ਦੀ ਇਹ ਦਲੀਲ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ, ਸੁਥਰਿਆ ! ਤੂੰ ਜੋ ਕਿਹਾ ਏ ਸਭ ਕੁਝ ਠੀਕ ਹੈ। ਗੁਰਸਿੱਖਾਂ ਨੂੰ ਗੁਰਬਾਣੀ ਵੱਲ ਧਿਆਨ ਕਰਨਾ ਚਾਹੀਦਾ ਹੈ,

Sri Satguru Jagjit Singh Ji eLibrary NamdhariElibrary@gmail.com

ਪਰ ਅਗਿਆਨੀਆਂ ਦਾ ਮਨ ਬੁਰਿਆਈਆਂ ਵੱਲ ਵਧੇਰੇ ਭਟਕਦਾ ਏ।

ਜੇ ਮਨ ਬਾਣੀ ਨਾਲ ਇਕ ਸੁਰ ਹੋਵੇ, ਦੂਸਰਾ ਭਾਵੇਂ ਕੁਝ ਕਹਿੰਦਾ ਫਿਰੇ,ਉਸ ਨੂੰ ਉਸ ਦੀ ਕਹੀ ਗੱਲ ਦਾ ਪਤਾ ਹੀ ਨਹੀਂ ਲੱਗਦਾ, ਪਰ ਜਿਨ੍ਹਾਂ ਦਾ ਮਨ ਬਾਹਰਲੀਆਂ ਗੱਲਾਂ ਵੱਲ ਉਡਦਾ ਪਿਆ ਹੋਵੇ।

ਉਹ ਭਾਵੇਂ ਜਿੰਨੇ ਮਰਜ਼ੀ ਏ ਪਾਠ ਕਰਨ ਜਾਂ ਕੀਰਤਨ ਕਰਨ, ਉਨ੍ਹਾਂ ਦਾ ਮਨ ਲਿਵਲੀਨ ਨਹੀਂ ਹੋ ਸਕਦਾ। ਮੇਰੇ ਸ਼ਹਿਨਸ਼ਾਹ ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਵਿਚ ਮਨਮੁਖ ਦਾ ਇਹ ਲੱਛਣ ਦੱਸਿਆ ਹੈ :

*ਰਹਤ ਅਵਰ ਕਛੁ ਅਵਰ ਕਮਾਵਤ ॥*
*ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥*

ਸਤਿਗੁਰਾਂ ਦੇ ਮੁਖਾਰਬਿੰਦ ਤੋਂ ਇਹ ਮਹਾਂਵਾਕ ਸੁਣ ਕੇ ਰਾਗੀ ਬੜਾ ਸ਼ਰਮਿੰਦਾ ਹੋਇਆ ਤੇ ਚੁੱਪ ਕਰਕੇ ਓਥੋਂ ਖਿਸਕਣ ਲੱਗਾ।

ਸੁਥਰਾ ਨੇ ਕੋਲੋਂ ਕਿਹਾ, 'ਪਾਤਸ਼ਾਹ ! ਤਿੰਨਾਂ ਮਹੀਨਿਆਂ ਤੋਂ ਇਹਦੇ ਦਿਮਾਗ ਅੰਦਰ ਉਹ ਗਾਲ੍ਹਾਂ ਫਿਰਦੀਆਂ ਰਹੀਆਂ ਗੁਰਬਾਣੀ ਦਾ ਵਾਸਾ ਕਿਥੇ ਹੁੰਦਾ ?'

ਰਾਗੀ ਸ਼ਰਮਿੰਦਾ ਸੀ ਖਿਮਾ ਮੰਗ ਕੇ ਖਿਸਕਦਾ ਹੋਇਆ।

***

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੩

ਇਕ ਵਾਰੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਬੂੰਗੇ ਵਿਚ ਆਪਣੇ ਸਿੰਘਾਸਨ ਉਤੇ ਬਿਰਾਜਮਾਨ ਸਨ ਅਤੇ ਸਿਰਜਨਹਾਰ ਕਰਤਾਰ ਦੇ ਰੰਗ ਵਿਚ ਮਸਤ ਬੈਠੇ ਸਨ।

ਏਨੇ ਚਿਰ ਵਿਚ ਸੁਥਰਾ ਸ਼ਾਹ ਆਇਆ ਅਤੇ ਇਕ ਸੰਨਿਆਸੀ ਮਹਾਤਮਾ ਨੂੰ ਨਾਲ ਲੈ ਕੇ ਆਇਆ, ਜਿਹੜਾ ਸਤਿਗੁਰਾਂ ਦੀ ਉਪਮਾ ਸੁਣ ਕੇ ਦਰਸ਼ਨਾਂ ਲਈ ਏਧਰ ਆ ਨਿਕਲਿਆ ਸੀ।

ਇਸ ਸੰਨਿਆਸੀ ਮਹਾਤਮਾ ਨੂੰ ਆਪਣੇ ਭੇਖ ਅਤੇ ਸੰਨਿਆਸੀ ਹੋਣ ਦਾ ਬੜਾ ਮਾਣ ਸੀ ਤੇ ਸੁਥਰਾ ਉਸ ਦੀ ਗੱਲ ਬਾਤ ਤੋਂ ਹੀ ਸਭ ਕੁਝ ਤਾੜ ਗਿਆ ਸੀ।

ਸੁਥਰੇ ਨੇ ਆਉਂਦਿਆਂ ਹੀ ਆਪਣੇ ਪਾਤਸ਼ਾਹ ਸਤਿਗੁਰੂ ਦੇ ਚਰਨੀ ਸੀਸ ਨਿਵਾਇਆ। ਸਤਿਗੁਰਾਂ ਦੀ ਬਿਰਤੀ ਉਖੜ ਗਈ ਤੇ ਫੁਰਮਾਇਆ, "ਸੁਥਰਿਆ! ਇਹ ਕਿਹੜੇ ਵੇਲੇ ਆ ਫੇਰਾ ਪਾਇਆ ਈ, ਕੋਈ ਵੇਲਾ-ਕੁਵੇਲਾ ਤੇ ਦੇਖ ਲਿਆ ਕਰ।"

"ਮੇਰੇ ਪਾਤਸ਼ਾਹਾਂ ਦੇ ਪਾਤਸ਼ਾਹ! ਇਹ ਮਹਾਤਮਾ ਜੀ ਆਏ ਸਨ ਤੇ ਆਪ ਦੇ ਦਰਸ਼ਨਾਂ ਦੇ ਚਾਹਵਾਨ ਸਨ। ਆਪ ਹਰ ਇਕ ਦੀ ਅਭਿਲਾਖਾ ਪੂਰੀ ਕਰਦੇ ਹੋ, ਰਤਾ ਇਨ੍ਹਾਂ ਉਤੇ ਵੀ ਮਿਹਰ ਕਰੋ।" ਸੁਥਰੇ ਨੇ ਬੜੀ ਨਿਮਰਤਾ ਨਾਲ ਇਹ ਬਚਨ ਕਹੇ।

"ਹਮ ਕੁਛ ਮਾਂਗਨੇ ਨਹੀਂ ਆਏ ਹੈਂ, ਹਮ ਤੋ ਕੇਵਲ ਉਪਮਾ ਸੁਣ ਕਰ ਦਰਸ਼ਨ ਕੀ ਲਾਲਸਾ ਸੇ ਆਏ ਹੈਂ।" ਉਸ ਸੰਨਿਆਸੀ ਮਹਾਤਮਾ ਨੇ ਕਿਹਾ।

ਸਤਿਗੁਰਾਂ ਨੇ ਉਸ ਮਹਾਤਮਾ ਨੂੰ ਸਤਿਕਾਰ ਦਿੱਤਾ ਤੇ ਬੈਠਣ ਲਈ

Sri Satguru Jagjit Singh Ji eLibrary NamdhariElibrary@gmail.com

ਕਿਹਾ। ਉਹ ਮਹਾਤਮਾ ਸਤਿਗੁਰਾਂ ਦੇ ਸਾਹਮਣੇ ਉਨ੍ਹਾਂ ਦੇ ਸਿੰਘਾਸਨ ਉਤੇ ਹੀ ਬੈਠ ਗਿਆ।

ਇਹ ਦੇਖ ਕੇ ਸੁਥਰੇ ਨੂੰ ਬੜਾ ਗੁੱਸਾ ਲੱਗਾ ਕਿ ਇਕ ਭੇਖ-ਧਾਰੀ ਪਾਖੰਡੀ ਮੇਰੇ ਸ਼ਹਿਨਸ਼ਾਹ ਦੇ ਬਰਾਬਰ ਬੈਠ ਗਿਆ ਹੈ, ਪਰ ਘਰ ਆਏ ਦਾ ਆਦਰ ਕਰਨਾ ਜ਼ਰੂਰੀ ਸੀ,ਇਸ ਲਈ ਇਹ ਚੁੱਪ ਰਿਹਾ ਤੇ ਚੌਰ ਫੜ ਕੇ ਮੀਰੀ-ਪੀਰੀ ਦੇ ਮਾਲਕ ਸਤਿਗੁਰਾਂ ਦੇ ਪਿਛੇ ਖਲੋ ਕੇ ਚੌਰ ਕਰਨ ਲੱਗ ਪਿਆ।

ਹੁਣ ਉਸ ਸੰਨਿਆਸੀ ਮਹਾਤਮਾ ਦਾ ਮੂੰਹ ਅਤੇ ਸਤਿਗੁਰਾਂ ਦੀ ਪਿੱਠ ਉਸ ਸੁਥਰੇ ਵੱਲ ਸੀ।

ਸਤਿਗੁਰਾਂ ਨੇ ਮਹਾਤਮਾ ਨੂੰ ਬੜੇ ਪਿਆਰ ਨਾਲ ਪੁੱਛਿਆ, 'ਮਹਾਰਾਜ! ਆਪ ਕਾ ਪਵਿੱਤਰ ਨਾਮ ਕਿਆ ਹੈ ? ਕੋਈ ਸੇਵਾ ਹਮਾਰੇ ਲਾਇਕ ਹੋ ਤੋ ਹੁਕਮ ਕਰੇਂ।'

ਸੰਨਿਆਸੀ ਨੇ ਬੜੇ ਮਾਨ ਨਾਲ ਕਿਹਾ, 'ਹਮ ਤੋਂ ਤਿਆਗੀ ਹੈਂ। ਹਮ ਉਤਰਾਖੰਡ ਸੇ ਆਏ ਹੈਂ, ਆਪ ਦੀ ਮਹਿਮਾ ਸਰਵਣ ਕੀ ਥੀ ਤੋ ਆਪ ਕੇ ਦਰਸ਼ਨ ਕਰਨੇ ਕੇ ਲੀਏ ਈਹਾਂ ਆ ਗਏ। ਹਮੇ ਲੋਗ 'ਸ਼ਾਤ ਸਰੂਪ ਬਲਖੰਡੀ ਮਹਾਤਮਾ' ਕਹਿਤੇ ਹੈਂ।

ਜਦੋਂ ਸੁਥਰੇ ਨੇ ਇਹ ਬਚਨ ਸੁਣੇ, ਉਸ ਨੂੰ ਮਹਾਤਮਾ ਦੇ ਇਨ੍ਹਾਂ ਸ਼ਬਦਾਂ ਵਿਚ ਕੁਝ ਹਉਮੈ ਨਜ਼ਰ ਆਈ। ਉਸ ਨੇ ਸਾਹਮਣੇ ਪਾਸੇ ਬੈਠੇ ਮਹਾਤਮਾ ਦੀਆਂ ਅੱਖਾਂ ਨਾਲ ਅੱਖਾਂ ਮੇਲੀਆਂ ਤੇ ਆਪਣਾ ਸੱਜਾ ਹੱਥ ਖੜ੍ਹਾ ਕਰਕੇ ਵਿਚਕਾਰਲੀ ਉਂਗਲ ਹਿਲਾਉਂਦਿਆਂ ਉਸ ਮਹਾਤਮਾ ਨੂੰ ਟਿਚਕਰ ਕੀਤੀ। ਉਹ ਮਹਾਤਮਾ ਵਿਚੇ ਵਿਚ ਪੀ ਗਿਆ ਤੇ ਕੁਝ ਨਾ ਬੋਲਿਆ।

ਸਤਿਗੁਰਾਂ ਨੇ ਕਿਹਾ, 'ਮਹਾਰਾਜ! ਆਪ ਨੇ ਬੜੀ ਕਿਰਪਾ ਕੀ ਹੈ, ਜੋ ਆਪ ਯਹਾਂ ਪਧਾਰੇ ਹੈਂ ਔਰ ਹਮੇਂ ਦਰਸ਼ਨ ਦੀਏ ਹੈਂ, ਹਮ ਆਪ ਕੀ ਕਿਆ ਸੇਵਾ ਕਰ ਸਕਤੇ ਹੈਂ।'

ਉਸ ਮਹਾਤਮਾ ਨੇ ਆਪਣੀ ਚਿੱਪੀ ਵਿਚੋਂ ਕੁਝ ਫੁਲ ਕੱਢੇ ਅਤੇ

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਵਲ ਹੱਥ ਵਧਾ ਕੇ ਕਿਹਾ 'ਯੇ ਹਮਾਰੀ ਸ਼ਰਧਾ ਕੇ ਫੂਲ ਹੈਂ। ਯੇਹ ਪ੍ਰਸ਼ਾਦ ਲੀਜੀਏ ।'

ਮਹਾਤਮਾ ਦੇ ਮੂੰਹੋਂ ਇਹ ਬਚਨ ਸੁਣ ਕੇ ਸੁਥਰਾ ਝੱਟ ਅੱਗੇ ਵਧਿਆ ਤੇ ਦੋਵੇਂ ਹੱਥ ਵਧਾ ਕੇ ਫੁਲ ਲੈਣ ਦਾ ਯਤਨ ਕੀਤਾ। ਉਹ ਮਹਾਤਮਾ ਕਹਿਣ ਲੱਗਾ, 'ਯੇਹ ਪ੍ਰਸਾਦਿ ਆਪ ਕੇ ਲੀਏ ਨਹੀਂ, ਮਹਾਰਾਜ ਜੀ ਕੇ ਲੀਏ ਹੈ ।'

'ਹਾਂ, ਮਹਾਤਮਾ ਜੀ! ਯਹਾਂ ਤੋ ਪ੍ਰਸਾਦਿ ਸਭ ਕੇ ਲੀਏ ਹੋਤਾ ਹੈ। ਪਹਿਲੇ ਹਮ ਲੇਂਗੇ, ਫਿਰ ਪਾਤਸ਼ਾਹ ਜੀ ਕੇ ਚਰਨੋਂ ਮੇਂ ਰਖ ਦੇਂਗੇ' ਸੁਥਰੇ ਨੇ ਕਿਹਾ ।

'ਅਰੇ ! ਅਰੇ !! ਯੇਹ ਤੋ ਵਿਸ਼ਨੂੰ ਮਹਾਰਾਜ ਜੀ ਕੇ ਆਸ਼ਰਮ ਕਾ ਪ੍ਰਸਾਦਿ ਹੈ। ਇਸ ਕਾ ਸਤਿਕਾਰ ਚਾਹੀਏ, ਯੇਹ ਚਰਨੋਂ ਮੇਂ ਰਖੇ ਜਾਣ ਵਾਲੇ ਫੂਲ ਨਹੀਂ ਹੈਂ। ਉਸ ਸੰਨਿਆਸੀ ਮਹਾਤਮਾ ਨੇ ਕਿਹਾ ।

'ਯਹਾਂ ਤੋ ਵਿਸ਼ਨੂੰ ਮਹਾਰਾਜ ਆਪ ਫੂਲ ਚੜ੍ਹਾਨੇ ਕੇ ਲੀਏ ਹਰ ਰੋਜ਼ ਆਤੇ ਹੈਂ। ਆਪ ਨੇ ਦਰਸ਼ਨ ਕਰਨੇ ਹੋਂ ਤੋ ਰਾਤ ਯਹਾਂ ਠਹਿਰੋ ਸੁਬਹ ਪ੍ਰਾਤਾਕਾਲ ਜਬ ਵਿਸ਼ਨੂੰ ਮਹਾਰਾਜ ਫੂਲ ਲੇਕਰ ਆਏਂ ਔਰ ਮੇਰੇ ਪਾਤਸ਼ਾਹ ਕੇ ਚਰਨੋਂ ਮੇਂ ਰਖ ਕਰ ਨਮਸਕਾਰ ਕਰੇਂ ਤੋ ਆਪ ਭੀ ਦਰਸ਼ਨ ਕਰ ਲੇਨਾ।' ਸੁਥਰਾ ਨੇ ਕਿਹਾ ।

'ਸੁਥਰਿਆ ! ਚੱਲ ਆਪਣੀ ਥਾਂ 'ਤੇ, ਸਾਨੂੰ ਮਹਾਤਮਾ ਜੀ ਨਾਲ ਗੱਲ ਕਰ ਲੈਣ ਦੇ, ਇਹ ਐਡੀ ਦੂਰੋਂ ਚੱਲ ਕੇ ਆਏ ਨੇ ।' ਸ਼ਹਿਨਸ਼ਾਹ ਸਤਿਗੁਰੂ ਜੀ ਨੇ ਫੁਰਮਾਇਆ ।

ਸੁਥਰਾ ਛਾਲ ਮਾਰ ਕੇ ਫੇਰ ਆਪਣੇ ਪਾਤਸ਼ਾਹ ਦੇ ਪਿਛੇ ਚੌਰ ਫੜ ਕੇ ਖਲੋਤਾ ਤੇ ਮਹਾਤਮਾ ਦੇ ਮੂੰਹ ਵੱਲ ਦੇਖਣ ਲੱਗਾ ।

ਹੁਣ ਮਹਾਤਮਾ ਵੀ ਇਹਦੇ ਵੱਲ ਦੇਖਣ ਲੱਗਾ ਤਾਂ ਸਤਿਗੁਰਾਂ ਦੇ ਪਿਛਲੇ ਪਾਸੇ ਖੜ੍ਹੇ ਸੁਥਰੇ ਨੇ ਫੇਰ ਸੱਜਾ ਹੱਥ ਖੜ੍ਹਾ ਕਰਕੇ ਦੋ ਉਂਗਲਾਂ ਹਿਲਾਂਉਂਦਿਆਂ ਹੋਇਆਂ ਟਿਚਕਰ ਕੀਤੀ ।

ਉਸ ਮਹਾਤਮਾ ਨੂੰ ਗੁੱਸਾ ਤਾਂ ਆ ਰਿਹਾ ਸੀ, ਪਰ ਉਹ ਸ਼ਾਂਤ ਸਰੂਪ ਸਨ, ਆਪਣਾ ਗੁੱਸਾ ਵਿਚੋਂ-ਵਿਚ ਪੀ ਗਿਆ। ਉਹ ਮਹਾਤਮਾ ਸਤਿਗੁਰਾਂ ਕੋਲੋਂ ਪੁੱਛਣ ਲੱਗਾ, 'ਮਹਾਰਾਜ ! ਵੁਹ ਵਿਸ਼ਨੂੰ ਕੌਣ ਹੈ, ਜੋ ਪ੍ਰਾਤਾਕਾਲ ਆਪ ਕੇ ਦਰਸ਼ਨ ਕੇ ਲੀਏ ਆਤੇ ਹੈਂ ।'

'ਛੋੜੀਏ ਇਨ ਬਾਤੋਂ ਕੋ ਮਹਾਰਾਜ ! ਆਪ ਨੇ ਗੀਤਾ ਤੋ ਪੜ੍ਹੀ ਹੋਗੀ। ਚੌਥੇ ਅਧਿਆਇ ਮੇਂ ਲਿਖਾ ਹੈ ਕਿ ਭਗਵਾਨ ਹਰ ਯੁਗ ਮੇਂ ਸ੍ਰਿਸ਼ਟੀ ਕੋ ਤਾਰਨੇ ਕੇ ਲੀਏ ਅਵਤਾਰ ਲੇਤੇ ਹੈਂ । ਸੋ ਕਲਯੁਗ ਮੇਂ ਗੁਰੂ ਨਾਨਕ ਅਵਤਾਰ ਹੂਏ ਹੈਂ, ਜੋ ਕਲਜੁਗੀ ਜੀਵੋਂ ਕਾ ਉਧਾਰ ਕਰਨੇ ਕੇ ਲੀਏ ਆਏ ਹੈਂ ।'

'ਜੈਸੇ ਹਰ ਜੁਗ ਕਾ ਅਵਤਾਰ ਮਾਨਾ ਜਾਤਾ ਹੈ । ਕਲਜੁਗ ਮੇਂ ਉਨਕਾ ਹੀ ਪਹਿਰਾ ਹੈ ਔਰ ਉਨਕਾ ਦਰਸ਼ਨ ਕਰਨੇ ਕੇ ਲੀਏ ਕਈ ਦੇਵੀ-ਦੇਵਤੇ ਔਰ ਸ਼ਰਧਾਲੂ ਆਤੇ ਹੈਂ ।'

ਸਤਿਗੁਰਾਂ ਦੇ ਇਹ ਬਚਨ ਉਸ ਮਹਾਤਮਾ ਨੂੰ ਰਤਾ ਕੌੜੇ ਲੱਗੇ । ਉਹ ਵਿਚੇ-ਵਿਚ ਔਖਾ ਤੇ ਹੋ ਰਿਹਾ ਸੀ, ਪਰ ਮੂੰਹੋਂ ਕੁਝ ਨਾ ਬੋਲਿਆ। ਸੁਥਰਾ ਇਹ ਗੱਲ ਤਾੜ ਗਿਆ ਕਿ ਕ੍ਰੋਧ ਦੀ ਭੱਠੀ ਗਰਮ ਹੋ ਰਹੀ ਹੈ, ਰਤਾ ਕੁ ਝੱਲ ਮਾਰਨ ਨਾਲ ਇਹ ਚੰਗੀ ਤਰ੍ਹਾਂ ਭਖ ਜਾਵੇਗੀ ।

ਸੋ ਉਹ ਹੁਣ ਫੇਰ ਮਹਾਤਮਾ ਦੇ ਮੂੰਹ ਵੱਲ ਵੇਖ ਕੇ ਰਤਾ ਖੰਘਿਆ। ਉਹ ਮਹਾਤਮਾ ਸੁਥਰੇ ਵੱਲ ਵੇਖਣ ਲੱਗਾ । ਸੁਥਰੇ ਨੇ ਸੱਜੇ ਹੱਥ ਦੀਆਂ ਪੰਜਾਂ ਉਂਗਲਾਂ ਨੂੰ ਇਸ ਤਰ੍ਹਾਂ ਹਿਲਾਇਆ, ਜਿਵੇਂ ਉਂਗਲਾਂ ਨਾਲ ਅੰਗ ਨੂੰ ਫਰੋਲੀਦਾ ਹੈ। ਸੁਥਰੇ ਦਾ ਹੱਥ ਹਿਲਦਾ ਵੇਖ ਕੇ ਮਹਾਤਮਾ ਦੇ ਅੰਦਰ ਕ੍ਰੋਧ ਦੇ ਭਾਂਬੜੇ ਮੱਚ ਗਏ ਤੇ ਸ਼ਾਂਤ ਸਰੂਪ ਮਹਾਤਮਾ ਜੀ ਗਾਲ੍ਹਾਂ ਕੱਢਣ ਲੱਗ ਪਏ ।

ਸੁਥਰਾ ਹੁਣ ਬੰਦ ਕਰਕੇ ਸਤਿਗੁਰਾਂ ਦੇ ਪਿਛੇ ਖੜ੍ਹਾ ਚੌਰ ਕਰ ਰਿਹਾ ਸੀ, ਜਿਵੇਂ ਉਸ ਨੂੰ ਕੁਝ ਪਤਾ ਹੀ ਨਹੀਂ ਹੁੰਦਾ ਕਿ ਓਥੇ ਕੀ ਹੋ ਰਿਹਾ ਸੀ ।

Sri Satguru Jagjit Singh Ji eLibrary NamdhariElibrary@gmail.com

ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਕਦੀ ਉਸ ਮਹਾਤਮਾ ਵੱਲ ਦੇਖ ਰਹੇ ਸਨ ਤੇ ਕਦੀ ਸੁਥਰੇ ਵੱਲ। ਇਹ ਕੌਤਕ ਦੇਖ ਕੇ ਸਤਿਗੁਰਾਂ ਨੇ ਪੁੱਛਿਆ, 'ਮਹਾਰਾਜ ! ਕਿਆ ਬਾਤ ਹੈ, ਆਪ ਇਤਨੇ ਕ੍ਰੋਧ ਮੇਂ ਆ ਗਏ ਹੈਂ।'

'ਇਸ ਬਦਮਾਸ਼ ਸੇ ਪੂਛੋ, ਯੇਹ ਹਮ ਕੋ ਮਖੌਲ ਕਰਤਾ ਹੈ।' ਮਹਾਤਮਾ ਨੇ ਕਿਹਾ।

ਸਤਿਗੁਰਾਂ ਨੇ ਕਿਹਾ, 'ਸੁਥਰਿਆ, ਇਹ ਮਹਾਤਮਾ ਜੀ ਕੀ ਕਹਿੰਦੇ ਹਨ।'

'ਸੱਚੇ ਪਾਤਸ਼ਾਹ ਜੀ, ਇਹ ਸ਼ਾਂਤ ਸਰੂਪ ਮਹਾਤਮਾ ਜੀ ਤਾਂ ਤੁਹਾਡੇ ਨਾਲ ਗਿਆਨ ਗੋਸ਼ਟ ਕਰ ਰਹੇ ਹਨ, ਮੈਨੂੰ ਤੇ ਕੋਈ ਸਮਝ ਨਹੀਂ ਆਉਂਦੀ। ਇਸ ਲਈ ਮੈਂ ਅੱਖਾਂ ਬੰਦ ਕਰਕੇ ਚੁੱਪ ਕੀਤਾ ਖੜ੍ਹਾ ਹਾਂ।' ਸੁਥਰੇ ਨੇ ਕਿਹਾ।

ਸੁਥਰੇ ਦੇ ਇਹ ਬਚਨ ਸੁਣ ਕੇ ਮਹਾਤਮਾ ਨੂੰ ਹੋਰ ਅੱਗ ਲੱਗੀ ਤੇ ਕਿਹਾ, 'ਅਰੇ ਯੇਹ ਕਿਆ ਬਕਤਾ ਹੈ। ਮਹਾਤਮਾ ਲੋਗੋਂ ਕਾ ਨਿਰਾਦਰ ਕਰਕੇ ਫਿਰ ਐਸੀ ਬਾਤੇ ਬਣਾਤਾ ਹੈ ?'

"ਮਹਾਰਾਜ! ਬਾਤ ਕਿਆ ਹੈ ? ਕੁਛ ਹਮੇਂ ਭੀ ਬਤਾਓ ਕਿ ਹੂਆ ਕਿਆ ਹੈ।" ਸਤਿਗੁਰਾਂ ਨੇ ਪੁੱਛਿਆ।

"ਇਸ ਬਦਮਾਸ਼ ਸੇ ਪੂਛੋ। ਯੇਹ ਤੋ ਕੋਈ ਚੰਡਾਲ ਹੈ ਜੋ ਮਹਾਤਮਾ ਲੋਗੋਂ ਕਾ ਨਿਰਾਦਰ ਕਰਤਾ ਹੈ।" ਮਹਾਤਮਾ ਨੇ ਫੇਰ ਕਿਹਾ।

"ਕਿਉਂ ਬਈ ਸੁਥਰਿਆ! ਕੀ ਗੱਲ ਹੋਈ ਐ, ਤੂੰ ਮਹਾਤਮਾ ਜੀ ਨੂੰ ਇਸ ਤਰ੍ਹਾਂ ਨਾਰਾਜ਼ ਕਰ ਛੱਡਿਆ ਏ।" ਸਤਿਗੁਰਾਂ ਨੇ ਫੁਰਮਾਇਆ।

"ਮਹਾਰਾਜ! ਘਟ-ਘਟ ਦੇ ਜਾਨਣਹਾਰ ਪਾਤਸ਼ਾਹ! ਮੇਰੇ ਵਰਗੇ ਗਰੀਬ ਨਾਲ ਕਿਸੇ ਨੇ ਨਾਰਾਜ਼ ਕਿਉਂ ਹੋਣਾ ਸੀ, ਮਹਾਤਮਾ ਜੀ ਤੇ ਹਜ਼ੂਰ ਨਾਲ ਹੀ ਗਿਆਨ ਗੋਸ਼ਟ ਕਰ ਰਹੇ ਸਨ। ਹਾਂ ਏਨੀ ਗੱਲ ਜ਼ਰੂਰ ਹੋਈ ਏ ਕਿ ਜਦੋਂ ਹਜ਼ੂਰ ਨੇ ਇਨ੍ਹਾਂ ਦਾ ਨਾਂ ਪੁੱਛਿਆ ਸੀ ਤਾਂ ਇਨ੍ਹਾਂ ਨੇ ਦੱਸਿਆ

ਸੀ ਕਿ 'ਲੋਕ ਹਮੇਂ ਸ਼ਾਂਤ ਸਰੂਪ ਬਲਖੰਡੀ ਮਹਾਤਮਾ ਕਹਿਤੇ ਹੈਂ।"

ਉਸ ਵੇਲੇ ਮੈਨੂੰ ਕੁਝ ਸ਼ੱਕ ਪਿਆ ਕਿ ਇਨ੍ਹਾਂ ਦੇ ਅੰਦਰ ਤਾਂ ਕ੍ਰੋਧ ਦੀ ਜਵਾਲਾ ਬਲ ਰਹੀ ਹੈ, ਇਹ ਸ਼ਾਂਤ ਸਰੂਪ ਕਿਸ ਤਰ੍ਹਾਂ ਹੋਏ। ਮੈਨੂੰ ਇਨ੍ਹਾਂ ਦੇ ਅੰਦਰ ਦੀ ਅੱਗ ਨਜ਼ਰ ਆਈ। ਮੈਂ ਹਜ਼ੂਰ ਤੋਂ ਅੱਖ ਬਚਾ ਕੇ ਇਕ ਉਂਗਲ ਨਾਲ ਰਤਾ ਦੱਬੀ ਹੋਈ ਧੂਣੀ ਨੂੰ ਛੇੜਿਆ।

'ਮੈਨੂੰ ਸੇਕ ਜਿਹਾ ਜਿਹਾ ਲੱਗਾ ਫੇਰ ਮੈਂ ਦੋ ਉਂਗਲਾਂ ਨਾਲ ਛੇੜਿਆ ਤਾਂ ਭਾਂਬੜ ਮਚ ਗਿਆ। ਦੱਸੋ ਮੇਰੇ ਪਾਤਸ਼ਾਹ ਜੀ! ਇਸ ਵਿਚ ਮੇਰਾ ਕੀ ਕਸੂਰ ?'

ਸੋਢੀ ਸੁਲਤਾਨ ਰਤਾ ਮੁਸਕਰਾਏ ਤੇ ਉਹ ਸੰਨਿਆਸੀ ਆਪਣੀ ਚਿੱਪੀ ਤੇ ਬੈਰਾਗਨ ਚੁੱਕ ਕੇ ਚੁੱਪ ਕੀਤਾ ਖਿਸਕਦਾ ਹੋਇਆ। ਭਾਵੇਂ ਸਤਿਗੁਰਾਂ ਨੇ ਸਤਿਕਾਰ ਨਾਲ ਆਵਾਜ਼ਾਂ ਵੀ ਮਾਰੀਆਂ ਪਰ ਉਹ ਨਾ ਰੁਕਿਆ।

***

Sri Satguru Jagjit Singh Ji eLibrary NamdhariElibrary@gmail.com

# ੪

ਇਕ ਵਾਰੀ ਸੁਥਰਾ ਤੀਰਥ ਯਾਤਰਾ ਕਰਦਾ ਹੋਇਆ ਪਹਾੜਾਂ ਵੱਲ ਜਾ ਨਿਕਲਿਆ। ਕਾਂਗੜੇ ਵਿਚ ਇਕ ਸੇਠ ਨੇ ਸ਼ਹਿਰੋਂ ਬਾਹਰਵਾਰ ਇਕ ਧਰਮਸ਼ਾਲਾ ਤੋਂ ਥੋੜ੍ਹੀ ਦੂਰ ਸੀ। ਇਸ ਸੇਠ ਨੇ ਇਸ ਧਰਮਸਾਲਾ ਵਿਚ ਇਕ ਪ੍ਰਬੰਧਕ ਰੱਖਿਆ ਹੋਇਆ ਸੀ ਜੋ ਇਸ ਥਾਂ ਦਾ ਪ੍ਰਬੰਧ ਕਰਦਾ ਸੀ ਤੇ ਆਏ ਗਏ ਮੁਸਾਫਰਾਂ ਨੂੰ ਰਹਿਣ ਲਈ ਥਾਂ ਦੇਂਦਾ ਸੀ। ਸੁਥਰੇ ਨੂੰ ਪਤਾ ਲੱਗਾ ਕਿ ਇਹ ਕੇਵਲ ਅਮੀਰਾਂ ਨੂੰ ਹੀ ਥਾਂ ਦੇਂਦਾ ਹੈ, ਜਿਹੜੇ ਇਸ ਧਰਮਸਾਲੀਏ ਨੂੰ ਕੁਝ ਦੇਂਦੇ ਹਨ, ਪਰ ਗਰੀਬਾਂ ਨੂੰ ਉਹ ਨੇੜੇ ਨਹੀਂ ਢੁਕਣ ਦੇਂਦਾ।

ਰਾਤ ਦੇ ਦਸ ਵਜੇ ਸਨ, ਜਦੋਂ ਸੁਥਰਾ ਉਸ ਧਰਮਸਾਲਾ ਵਿਚ ਗਿਆ। ਧਰਮਸਾਲਾ ਦਾ ਦਰਵਾਜ਼ਾ ਬੰਦ ਸੀ। ਇਸ ਨੇ ਬੂਹਾ ਖੜਕਾਇਆ।

ਅੰਦਰੋਂ ਆਵਾਜ਼ ਆਈ, "ਕੌਣ ਹੈ ?"

"ਮੈਂ ਇਕ ਗਰੀਬ ਰਾਹੀ-ਮੁਸਾਫਰ ਹਾਂ, ਰਾਤ ਕੱਟਣੀ ਹੈ, ਬੂਹਾ ਖੋਲ੍ਹੋ।" ਸੁਥਰੇ ਨੇ ਕਿਹਾ।

ਅੰਦਰੋਂ ਆਵਾਜ਼ ਆਈ, "ਜਾਹ, ਐਸ ਵੇਲੇ ਇਥੇ ਕੋਈ ਥਾਂ ਨਹੀਂ।"

"ਮਹਾਰਾਜ! ਐਸ ਵੇਲੇ ਈ ਤਾਂ ਥਾਂ ਚਾਹੀਦੀ ਏ, ਸਵੇਰੇ ਤੇ ਅਸਾਂ ਚਲੇ ਈ ਜਾਣਾ ਏ।" ਸੁਥਰੇ ਨੇ ਉਤਰ ਦਿੱਤਾ।

"ਇਹ ਤੇਰੇ ਪਿਓ ਦਾ ਘਰ ਨਹੀਂ ਕਿ ਤੂੰ ਬਦੋ-ਬਦੀ ਅੰਦਰ ਆ ਵੜੇਂ, ਏਥੇ ਕੋਈ ਥਾਂ ਨਹੀਂ। ਜਾਹ ਦਫਾ ਹੋ ਜਾਹ।" ਅੰਦਰੋਂ ਫੇਰ ਆਵਾਜ਼ ਆਈ।

"ਮੈਂ ਤੇ ਦਫਾ ਨਹੀਂ ਹੁੰਦਾ, ਤੈਨੂੰ ਦਫਾ ਕਰਕੇ ਛਡਾਂਗਾ, ਗਰੀਬਾਂ

ਨੂੰ ਅੰਦਰ ਨਹੀਂ ਵੜਨ ਦੇਂਦਾ।" ਸੁਥਰੇ ਨੇ ਬਾਹਰੋਂ ਰੋਅਬ ਨਾਲ ਕਿਹਾ।

ਏਨਾ ਕਹਿ ਕੇ ਉਹ ਤੁਰਦਾ ਹੋਇਆ ਤੇ ਧਰਮਸਾਲਾ ਦਾ ਪ੍ਰਬੰਧਕ ਅੰਦਰ ਬੈਠਾ ਬੁੜ-ਬੁੜ ਕਰਦਾ ਰਿਹਾ।

ਸੁਥਰਾ ਓਥੋਂ ਤੁਰਿਆ ਤੇ ਸੇਠ ਦੇ ਘਰ ਆ ਪੁੱਜਾ। ਉਸ ਦਾ ਦਰਵਾਜ਼ਾ ਖੜਕਾਇਆ।

ਅੰਦਰੋਂ ਆਵਾਜ਼ ਆਈ, "ਕੌਣ ਐ ?"

"ਮੈਂ ਹਾਂ ਜੀ ਇਕ ਗਰੀਬ ਮੁਸਾਫਰ, ਤੁਹਾਡੇ ਦਰ ਉਤੇ ਆਰਾਮ ਕਰਨ ਲੱਗਾ ਹਾਂ। ਰਾਤ ਕੱਟ ਕੇ ਸਵੇਰੇ ਚਲਾ ਜਾਵਾਂਗਾ।" ਸੁਥਰੇ ਨੇ ਉੱਤਰ ਦਿੱਤਾ।

"ਭਾਈ ਏਥੇ ਨਾ ਪਓ, ਧਰਮਸਾਲਾ ਵਿਚ ਜਾਹ। ਓਥੇ ਤੈਨੂੰ ਰਾਤ ਕੱਟਣ ਲਈ ਥਾਂ ਮਿਲ ਜਾਏਗੀ।" ਸੇਠ ਨੇ ਅੰਦਰੋਂ ਆਵਾਜ਼ ਦਿੱਤੀ।

ਸੁਥਰੇ ਨੇ ਕਿਹਾ, "ਬਹੁਤ ਅੱਛਾ ਮਹਾਰਾਜ, ਮੈਂ ਚਲਾ ਜਾਂਦਾ ਹਾਂ।" ਕਹਿ ਕੇ ਸੁਥਰਾ ਧਰਮਸਾਲਾ ਵੱਲ ਤੁਰ ਪਿਆ ਤੇ ਫੇਰ ਧਰਮਸਾਲਾ ਦਾ ਦਰਵਾਜ਼ਾ ਜਾ ਖੜਕਾਇਆ।

ਫੇਰ ਅੰਦਰੋਂ ਆਵਾਜ਼ ਆਈ, "ਕੌਣ ਐ ?"

"ਮੈਂ ਇਕ ਮੁਸਾਫਰ ਹਾਂ, ਸੇਠ ਹੋਰਾਂ ਨੇ ਭੇਜਿਆ ਏ ਕਿ ਧਰਮਸਾਲਾ ਵਿਚ ਜਾ ਕੇ ਆਰਾਮ ਕਰ।" ਸੁਥਰੇ ਨੇ ਉੱਤਰ ਦਿੱਤਾ।

ਧਰਮਸਾਲਾ ਦੇ ਪ੍ਰਬੰਧਕ ਨੇ ਦਰਵਾਜ਼ਾ ਖੋਲ੍ਹਿਆ ਤੇ ਸੁਥਰੇ ਨੇ ਕਿਹਾ, "ਹਰ ਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ।"

"ਕਿਉਂ ਬਈ ਤੂੰ ਕੌਣ ਐਂ ? ਤੇਰਾ ਨਾਂ ਕੀ ਐ ? ਕਿਥੋਂ ਆਇਆ ਏਂ ?" ਧਰਮਸਾਲਾ ਦੇ ਪ੍ਰਬੰਧਕ ਨੇ ਕਿਹਾ।

ਸੁਥਰੇ ਨੇ ਉੱਤਰ ਦਿੱਤਾ, "ਦਿਸਦਾ ਨਹੀਂ, ਮੈਂ ਵੀ ਇਕ ਬੰਦਾ ਹਾਂ, ਫਕੀਰ ਹਾਂ, ਬਸ ਫਿਰਦਾ-ਤੁਰਦਾ ਆਰਾਮ ਕਰਨ ਲਈ ਆ ਗਿਆ ਹਾਂ। ਹੁਣ ਸੇਠ ਦਾ ਨਾਂ ਸੁਣ ਕੇ ਦਰਵਾਜ਼ਾ ਖੋਲ੍ਹਿਆ ਏ, ਪਹਿਲੇ ਤੇ ਤੂੰ ਦਰਵਾਜ਼ਾ ਈ ਨਹੀਂ ਸੀ ਖੋਲ੍ਹਦਾ।"

"ਅੱਛਾ, ਪਹਿਲਾਂ ਵੀ ਤੂੰ ਆਇਆ ਸੈਂ, ਜੋ ਕਹਿੰਦਾ ਸੈਂ ਕਿ ਤੈਨੂੰ ਦਫਾ ਕਰਕੇ ਛੱਡਾਂਗਾ, ਜਾਹ, ਏਥੋਂ ਚਲਾ ਜਾਹ। ਏਥੇ ਤੇਰੇ ਵਰਗਿਆਂ ਲਈ ਕੋਈ ਥਾਂ ਨਹੀਂ।"

ਏਨਾ ਕਹਿ ਕੇ ਧਰਮਸਾਲਾ ਦੇ ਪ੍ਰਬੰਧਕ ਨੇ ਫੇਰ ਦਰਵਾਜ਼ਾ ਬੰਦ ਕਰ ਲਿਆ। ਸੁਥਰਾ ਫੇਰ ਉਸ ਸੇਠ ਦੇ ਮਕਾਨ 'ਤੇ ਪਹੁੰਚਿਆ, ਦਰਵਾਜ਼ਾ ਖੜਕਾਇਆ।

ਫੇਰ ਅੰਦਰੋਂ ਆਵਾਜ਼ ਆਈ, "ਕੌਣ ਐ ?"

"ਮੈਂ ਜੀ ਗਰੀਬ ਮੁਸਾਫਰ, ਇਥੇ ਰਾਤ ਕੱਟਣ ਲੱਗਾ ਹਾਂ, ਜੇ ਆਗਿਆ ਹੋਵੇ।" ਸੁਥਰੇ ਨੇ ਕਿਹਾ।

ਸੇਠ ਨੇ ਦਰਵਾਜ਼ਾ ਖੋਲ੍ਹਿਆ ਤੇ ਕਿਹਾ, "ਭਾਈ! ਤੈਨੂੰ ਪਹਿਲੇ ਵੀ ਕਿਹਾ ਸੀ ਕਿ ਤੂੰ ਧਰਮਸਾਲਾ ਵਿਚ ਚਲਾ ਜਾਹ, ਓਥੇ ਜਾ ਕੇ ਆਰਾਮ ਨਾਲ ਸੌਂ। ਓਥੇ ਮੰਜਾ ਵੀ ਮਿਲ ਜਾਵੇਗਾ ਤੇ ਕਮਰਾ ਵੀ। ਆਏ ਗਏ ਮੁਸਾਫਰਾਂ ਦੇ ਆਰਾਮ ਲਈ ਹੀ ਤਾਂ ਉਹ ਧਰਮਸਾਲਾ ਬਣੀ ਹੋਈ ਹੈ।"

"ਮਹਾਰਾਜ! ਮੈਂ ਕਈ ਵਾਰੀ ਓਥੇ ਗਿਆ ਹਾਂ। ਅੱਵਲ ਤੇ ਉਹ ਦਰਵਾਜ਼ਾ ਹੀ ਨਹੀਂ ਸੀ ਖੋਲ੍ਹਦਾ। ਜੇ ਤੁਹਾਡਾ ਨਾਂ ਲਿਆ ਤੇ ਦਰਵਾਜ਼ਾ ਖੁੱਲ੍ਹਾ। ਦੇਖਿਆ ਕਿ ਓਥੇ 'ਧਰਮ' ਧਰਮ ਤੇ ਕੋਈ ਨਹੀਂ ਸੀ, ਇਕ 'ਸਾਲਾ' ਹੀ ਸੀ ਜੋ ਲੜਨ ਨੂੰ ਪਿਆ ਤੇ ਕਹਿਣ ਲੱਗਾ ਕਿ ਇਥੇ ਗਰੀਬਾਂ ਲਈ ਕੋਈ ਥਾਂ ਨਹੀਂ।" ਸੁਥਰੇ ਨੇ ਕਿਹਾ।

ਉਹ ਸੇਠ ਸੁਥਰੇ ਦੇ ਇਹ ਬਚਨ ਸੁਣ ਕੇ ਮੁਸਕ੍ਰਾਇਆ ਅਤੇ ਆਪਣਾ ਪੁੱਤਰ ਸੁਥਰੇ ਨਾਲ ਭੇਜਿਆ। ਸੁਥਰੇ ਨੇ ਫੇਰ ਜਾ ਦਰਵਾਜ਼ਾ ਖੜਕਾਇਆ।

ਅੰਦਰੋਂ ਆਵਾਜ਼ ਆਈ, "ਜਾਨਾਂ ਏਂ ਕਿ ਨਹੀਂ, ਦਫਾ ਹੋ ਜਾਹ, ਐਸ ਵੇਲੇ ਤੰਗ ਨਾ ਕਰ।"

ਸੁਥਰੇ ਨੇ ਕਿਹਾ, "ਸੇਠ ਹੋਰਾਂ ਨੇ ਭੇਜਿਆ ਏ, ਮੈਂ ਆਪ ਨਹੀਂ ਆਇਆ।"

"ਸੇਠ ਦਾ ਬੱਚਾ ਨਾ ਹੋਵੇ ਤੇ। ਅਸੀਂ ਨਹੀਂ ਜਾਣਦੇ ਕੋਈ ਸੇਠ

Sri Satguru Jagjit Singh Ji eLibrary NamdhariElibrary@gmail.com

ਸੂਠ। ਸੇਠ ਹੋਵੇਗਾ ਕੋਈ ਤੇ ਆਪਣੇ ਘਰ ਹੋਵੇਗਾ। ਮੈਂ ਨਹੀਂ ਦਰਵਾਜ਼ਾ ਖੋਲ੍ਹਣਾ।" ਧਰਮਸਾਲੀਏ ਨੇ ਉੱਤਰ ਦਿੱਤਾ।

ਸੇਠ ਦੇ ਪੁੱਤਰ ਨੇ ਕਿਹਾ, "ਮੁਨਸ਼ੀ ਜੀ! ਦਰਵਾਜ਼ਾ ਖੋਲ੍ਹ ਦਿਓ, ਸੇਠ ਹੋਰਾਂ ਨੇ ਏਸੇ ਲਈ ਮੈਨੂੰ ਇਸ ਦੇ ਨਾਲ ਭੇਜਿਆ ਏ।"

"ਤੂੰ ਕੌਣ ਐਂ ?" ਅੰਦਰੋਂ ਆਵਾਜ਼ ਆਈ।

"ਮੈਂ ਕੁੰਦਨ ਲਾਲ। ਉਠ ਕੇ ਦਰਵਾਜ਼ਾ ਖੋਲ੍ਹ ਕੇ ਇਸ ਨੂੰ ਅਰਾਮ ਕਰਨ ਦੇ।" ਸੇਠ ਦੇ ਲੜਕੇ ਨੇ ਕਿਹਾ।

'ਕੌਣ ਕੁੰਦਨ ਲਾਲ ? ਐਸ ਵੇਲੇ ਕੁੰਦਨ ਲਾਲ ਦਾ ਏਥੇ ਕੀ ਕੰਮ, ਉਹ ਤੇ ਆਰਾਮ ਨਾਲ ਸੁੱਤਾ ਹੋਵੇਗਾ। ਇਸ ਵੇਲੇ ਦਰਵਾਜ਼ਾ ਨਹੀਂ ਖੁਲ੍ਹ ਸਕਦਾ।' ਧਰਮਸਾਲੀਏ ਨੇ ਕਿਹਾ।

'ਓਏ ਦਰਵਾਜ਼ਾ ਖੋਲ੍ਹ। ਬਾਹਰ ਨਿਕਲ ਕੇ ਦੇਖ ਕੇ ਕੌਣ ਐ। ਸ਼ਰਮ ਨਹੀਂ ਆਉਂਦੀ ਕਿ ਤੂੰ ਮੁਸਾਫਰਾਂ ਨੂੰ ਇਸ ਤਰ੍ਹਾਂ ਤੰਗ ਕਰਨਾ ਏਂ।' ਕੁੰਦਨ ਲਾਲ ਨੇ ਕੜਕ ਕੇ ਕਿਹਾ।

ਧਰਮਾਸਾਲਾ ਦੇ ਪ੍ਰਬੰਧਕ ਨੇ ਦਰਵਾਜ਼ਾ ਖੋਲ੍ਹਿਆ, ਦੇਖਿਆ ਕਿ ਸੇਠ ਹੋਰਾਂ ਦੇ ਸਾਹਿਬਜ਼ਾਦੇ ਬਾਹਰ ਖੜ੍ਹੇ ਸਨ। ਡਰਿਆ ਤੇ ਹੱਥ ਜੋੜ ਕੇ ਖਿਮਾ ਮੰਗਣ ਲੱਗਾ, 'ਮਹਾਰਾਜ! ਮੈਂ ਪਛਾਣਿਆ ਨਹੀਂ ਸੀ ਕਿ ਆਪ ਆਏ ਹੋ। ਮੁਆਫ ਕਰੋ ਆਪ ਨੂੰ ਇਸ ਸਮੇਂ ਬੜੀ ਤਕਲੀਫ ਹੋਈ ਏ।'

'ਮੇਰੀ ਤਕਲੀਫ ਦੀ ਗੱਲ ਨਾ ਕਰ। ਇਹ ਧਰਮਸਾਲਾ ਏ, ਗਰੀਬਾਂ ਮੁਸਾਫਰਾਂ ਦੇ ਅਰਾਮ ਲਈ। ਜੇ ਮੁਸਾਫਰਾਂ ਨੂੰ ਹੀ ਅਰਾਮ ਲਈ ਥਾਂ ਨਾ ਮਿਲੀ ਤਾਂ ਇਹ ਧਰਮਸਾਲਾ ਕਾਹਦੀ ਹੋਈ।

ਇਸ ਮੁਸਾਫਰ ਨੇ ਸੱਚ ਕਿਹਾ ਸੀ ਕਿ ਇਥੇ ਧਰਮ ਧੁਰਮ ਤੇ ਕੋਈ ਨਹੀਂ, ਇਕ ਸਾਲਾ ਈ ਏ ਜੋ ਆਏ ਗਏ ਗਰੀਬ ਮੁਸਾਫਰਾਂ ਦੇ ਲੱਤੀਂ ਪੈਂਦਾ ਏ। ਸੋ ਅਸੀਂ ਇਹ ਆਪ ਦੇਖ ਲਿਆ ਹੈ ਕਿ ਇਥੇ ਮੁਸਾਫਰਾਂ ਨੂੰ ਤੰਗ ਕੀਤਾ ਜਾਂਦਾ ਏ। ਸਵੇਰੇ ਏਥੋਂ ਦਫਾ ਹੋ ਜਾਹ, ਅਸੀਂ ਹੋਰ ਪ੍ਰਬੰਧ ਕਰ ਲਵਾਂਗੇ।' ਕੁੰਦਨ ਲਾਲ ਨੇ ਕਿਹਾ।

ਧਰਮਸਾਲਾ ਦਾ ਪ੍ਰਬੰਧਕ ਉਸ ਦੇ ਪੈਰਾਂ 'ਤੇ ਢੱਠਾ ਤੇ ਮੁਆਫੀ ਮੰਗਣ ਲੱਗਾ, 'ਮਹਾਰਾਜ ! ਗਲਤੀ ਹੋ ਗਈ, ਖਿਮਾਂ ਕਰੋ । ਅੱਗੇ ਤੋਂ ਐਸਾ ਨਹੀਂ ਹੋਵੇਗਾ ।'

ਕੁੰਦਨ ਲਾਲ ਤਾਂ ਚਲਾ ਗਿਆ । ਸੁਥਰੇ ਨੇ ਕਿਹਾ, "ਹਰ ਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ । ਕਿਉਂ ਬਈ ! ਕੌਣ ਦਫਾ ਹੋਣ ਲੱਗਾ ਏ ? ਮੈਂ ਕਿ ਤੂੰ ।"

ਧਰਮਸਾਲੀਏ ਨੇ ਬੁੜ-ਬੁੜ ਕਰਦਿਆਂ ਕਮਰਾ ਤੇ ਮੰਜਾ ਸੁਥਰੇ ਦੇ ਹਵਾਲੇ ਕੀਤਾ ਤੇ ਆਪਣੇ ਕਮਰੇ ਵੱਲ ਤੁਰ ਪਿਆ ।

ਸੁਥਰੇ ਨੇ ਰਾਤ ਆਰਾਮ ਕੀਤਾ ਤੇ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਉੱਠ ਕੇ ਫਿਰ ਉਸ ਦਾ ਦਰਵਾਜ਼ਾ ਖੜਕਾਇਆ ਕਿ ਧਰਮਸਾਲਾ ਦਾ ਦਰਵਾਜ਼ਾ ਖੋਲੋ, ਅਸਾਂ ਜਾਣਾ ਏ ।

ਧਰਮਸਾਲਾ ਦੇ ਪ੍ਰਬੰਧਕ ਨੂੰ ਪਹਿਲਾਂ ਤਾਂ ਸੋਚਾਂ ਫਿਕਰਾਂ ਵਿਚ ਨੀਂਦ ਨਹੀਂ ਸੀ ਆਈ, ਹੁਣ ਕਿਤੇ ਜਾ ਕੇ ਅੱਖ ਲੱਗੀ ਸੀ ਕਿ ਸੁਥਰੇ ਨੇ ਫੇਰ ਦਰਵਾਜ਼ਾ ਖੜਕਾਇਆ । ਉਹ ਚੁੱਪ ਕੀਤਾ ਉਠਿਆ, ਦਰਵਾਜ਼ਾ ਖੋਹਲ ਦਿੱਤਾ ।

ਸੁਥਰੇ ਨੇ ਫੇਰ ਕਿਹਾ, "ਹਰ ਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ । ਲੈ ਭਾਈ ! ਅਸੀਂ ਚਲਦੇ ਹਾਂ, ਤੇ ਸਵੇਰੇ ਤੂੰ ਵੀ ਦਫਾ ਹੋ ਜਾਵੀਂ ।" ਇਹ ਕਹਿ ਕੇ ਉਹ ਤੁਰਦਾ ਹੋਇਆ ।

Sri Satguru Jagjit Singh Ji eLibrary NamdhariElibrary@gmail.com

# ਪਾਤਸ਼ਾਹਾਂ ਦੇ ਪਾਤਸ਼ਾਹ

ਭਾਰਤ ਦਾ ਸ਼ਹਿਨਸ਼ਾਹ ਮੁਗਲ ਸਮਰਾਟ ਜਹਾਂਗੀਰ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਸੋਢੀ ਸੁਲਤਾਨ ਦਾ ਨੂਰੀ ਜਲਾਲ, ਬੀਰਤਾ ਤੇ ਇਲਾਹੀ ਕੌਤਕ ਵੇਖ ਕੇ ਆਪ ਦਾ ਅਜਿਹਾ ਕਾਇਲ ਹੋ ਗਿਆ ਕਿ ਕੁਝ ਵਰ੍ਹੇ ਮੁਗਲ ਸਮਰਾਟ ਜਿਧਰ ਜਾਂਦਾ ਬੜੇ ਪ੍ਰੇਮ ਤੇ ਸ਼ਰਧਾ ਨਾਲ ਸਤਿਗੁਰਾਂ ਅੱਗੇ ਬਿਨੈ ਕਰ ਕਰ ਕੇ ਇਨ੍ਹਾਂ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ।

ਇਕ ਪਾਸੇ ਜਹਾਂਗੀਰ ਪਾਤਸ਼ਾਹ ਦਾ ਸ਼ਹਿਨੀਸ਼ਾਹੀ ਡੇਰਾ ਬੜੀ ਸ਼ਾਨੋ-ਸ਼ੌਕਤ ਨਾਲ ਲੱਗ ਜਾਂਦਾ ਤੇ ਸਾਹਮਣੇ ਪਾਸੇ ਪਾਤਸ਼ਾਹਾਂ ਦੇ ਪਾਤਸ਼ਾਹ ਸੋਢੀ ਸੁਲਤਾਨ ਜੀ ਦੇ ਸ਼ਾਮਿਆਨੇ ਲੱਗ ਜਾਂਦੇ ਜਿਨ੍ਹਾਂ ਵਿਚ ਸਿੱਖ ਸੇਵਕ ਮੀਰੀ-ਪੀਰੀ ਦੇ ਚਰਨਾਂ ਵਿਚ ਰਹਿ ਕੇ ਸਤਿਗੁਰਾਂ ਦੇ ਨੂਰੀ ਦੀਦਾਰ ਕਰਦੇ।

ਇਕ ਸਮੇਂ ਭਾਰਤ ਦਾ ਸ਼ਹਿਨਸ਼ਾਹ ਜਹਾਂਗੀਰ ਪਾਤਸ਼ਾਹ ਆਗਰੇ ਵਿਚ ਆਪਣੇ ਲਾਓ ਲਸ਼ਕਰ ਸਮੇਤ ਸ਼ਹਿਰੋਂ ਬਾਹਰ ਵਾਰ ਦਰਿਆ ਜਮਨਾ ਦੇ ਕੰਢੇ ਸ਼ਹਿਨਸ਼ਾਹੀ ਠਾਠ ਨਾਲ ਤੰਬੂ ਕਨਾਤਾਂ, ਸੋਲਦਾਰੀਆਂ ਤੇ ਸ਼ਾਮਿਆਨੇ ਲਾ ਕੇ ਉਤਾਰਾ ਕਰਕੇ ਠਹਿਰਿਆ ਹੋਇਆ ਸੀ ਤੇ ਵਿਚਕਾਰ ਸੌ ਕੁ ਗਜ਼ ਦੀ ਵਿੱਥ ਛੱਡ ਕੇ ਪਾਤਸ਼ਾਹਾਂ ਦੇ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਜੀ ਦਾ ਡੇਰਾ ਵੀ ਪੂਰੀ ਸ਼ਾਨੋ-ਸ਼ੌਕਤ ਨਾਲ ਲੱਗਾ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

ਇਸ ਡੇਰੇ ਵਿਚ ਰੱਬੀ ਕੀਰਤਨ ਹੁੰਦਾ ਸੀ ਤੇ ਸਿੱਖ ਸੰਗਤਾਂ ਆਪ ਦੇ ਦਰਸ਼ਨਾਂ ਲਈ ਦੂਰੋਂ-ਦੂਰੋਂ ਆਉਂਦੀਆਂ ।

ਇਕ ਦਿਨ ਇਕ ਘਾਹੀ ਸਾਰਾ ਦਿਨ ਮਿਹਨਤ ਮਜ਼ਦੂਰੀ ਕਰਕੇ ਜਦੋਂ ਸ਼ਹਿਰੋਂ ਬਾਹਰ ਨਿਕਲਿਆ ਤਾਂ ਉਸ ਦੇ ਕੰਨੀਂ ਸੋ ਪਈ ਕਿ ਪਾਤਸ਼ਾਹਾਂ ਦੇ ਪਾਤਸ਼ਾਹ ਇਸ ਸ਼ਹਿਰ ਵਿਚ ਆਏ ਹੋਏ ਹਨ, ਜੋ ਲੋਕ-ਪ੍ਰਲੋਕ ਦੇ ਸਹਾਈ ਹਨ ਤੇ ਸਾਰਿਆਂ ਦੀ ਮਨੋ-ਕਾਮਨਾਂ ਪੂਰੀ ਕਰਦੇ ਹਨ।

ਇਸ ਖਿਆਲ ਨਾਲ ਉਹ ਜਮਨਾਂ ਦੇ ਕੰਢੇ ਜਿਧਰ ਸ਼ਹਿਨਸ਼ਾਹੀ ਡੇਰਾ ਲੱਗਾ ਹੋਇਆ ਸੀ, ਤੁਰ ਪਿਆ ।

ਜਹਾਂਗੀਰ ਪਾਤਸ਼ਾਹ ਨੇ ਐਲਾਨ ਕੀਤਾ ਹੋਇਆ ਸੀ ਕਿ ਜੋ ਵੀ ਕਿਸੇ ਤਰ੍ਹਾਂ ਦੀ ਫਰਿਆਦ ਲੈ ਕੇ ਦਰਬਾਰ ਵਿਚ ਹਾਜ਼ਰ ਹੋਣਾ ਚਾਹੇ ਉਹ ਹੋ ਸਕਦਾ ਹੈ, ਕਿਸੇ ਨੂੰ ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਹੀਂ ਹੋਵੇਗੀ ।

ਇਹ ਘਾਹੀ ਵਿਚਾਰਾ ਤੁਰਿਆ ਜਾ ਰਿਹਾ ਹੈ ਤੇ ਮਨ ਵਿਚ ਕਈ ਪ੍ਰਕਾਰ ਨਾਲ ਗਿਟੀਆਂ ਗਿਣਦਾ ਜਾ ਰਿਹਾ ਹੈ । ਅਚਨਚੇਤ ਰਾਹ ਵਿਚ ਇਸ ਨੂੰ ਇਕ ਸਾਈਂ ਲੋਕ ਮਿਲਿਆ ਜੋ ਆਪਣੇ ਰੰਗ ਵਿਚ ਇਹ ਸ਼ਬਦ ਉਚਾਰਦਾ ਹੋਇਆ ਸਾਹਮਣਿਉਂ ਆ ਰਿਹਾ ਸੀ :-

'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ ।'

'ਸਾਈਂ ਜੀ ! ਇਹ 'ਹਰਦਮ ਨਾਨਕ ਸ਼ਾਹ' ਦਾ ਕੀ ਮਤਲਬ ਹੈ ?' ਉਸ ਘਾਹੀ ਨੇ ਪੁੱਛਿਆ ।

ਉਸ ਸਾਈਂ ਨੂੰ ਉੱਤਰ ਦਿੱਤਾ, "ਮਤਲਬ ਦਾ ਤਾਂ ਮੈਨੂੰ ਵੀ ਪਤਾ ਨਹੀਂ, ਪਰ ਇਹ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਹੈ ।"

'ਸੱਚੇ ਪਾਤਸ਼ਾਹ ਦੀ ਬਖਸ਼ਿਸ਼ ! ਉਹ ਸੱਚਾ ਪਾਤਸ਼ਾਹ ਕੌਣ ਹੈ ?' ਉਸ ਘਾਹੀ ਨੇ ਬੜੀ ਨਿਮਰਤਾ ਨਾਲ ਪੁੱਛਿਆ ।

'ਉਹ ਸੱਚਾ ਪਾਤਸ਼ਾਹ ਹੀ ਤਾਂ ਨਾਨਕ ਸ਼ਾਹ ਹੈ, ਜੋ ਦੀਨ ਦੁਨੀ ਦਾ ਵਾਲੀ ਹੈ । ਜੋ ਵੀ ਸੱਚੇ ਦਿਲ ਨਾਲ ਉਸ ਪਾਤਸ਼ਾਹ ਦੇ ਚਰਨੀਂ

Sri Satguru Jagjit Singh Ji eLibrary NamdhariElibrary@gmail.com

ਲੱਗਦੇ ਹਨ ਉਨ੍ਹਾਂ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਰਹੀਆਂ ਹਨ।

ਸੋ ਭਲਿਆ ਲੋਕ ! ਤੂੰ ਵੀ ਜਾਹ, ਸ਼ਾਇਦ ਤੇਰਾ ਵੀ ਕੁਝ ਬਣ ਜਾਏ, ਉਹ ਤੇ ਦੀਨ ਦੁਨੀ ਦੇ ਵਾਲੀ ਹਨ। ਉਸ ਸਾਈਂ ਨੇ ਕਿਹਾ, ਪਰ ਇਹ ਖਿਆਲ ਰੱਖੀਂ, ਇਕ ਲੋਕ ਦਾ ਪਾਤਸ਼ਾਹ ਈ ਤੇ ਦੂਸਰਾ ਪਰਲੋਕ ਦਾ ਪਾਤਸ਼ਾਹ।'

'ਹੈਂ ! ਦੋ ਪਾਤਸ਼ਾਹ ? ਪਰ ਅਸਲੀ ਪਾਤਸ਼ਾਹ ਕਿਹੜਾ ਹੈ ? ਲੋਕ ਦਾ ਪਾਤਸ਼ਾਹ ਈ ਤੇ ਦੂਸਰਾ ਪਰਲੋਕ ਦਾ ਪਾਤਸ਼ਾਹ।'

'ਹੈਂ ! ਦੋ ਪਾਤਸ਼ਾਹ ? ਪਰ ਅਸਲੀ ਪਾਤਸ਼ਾਹ ਕਿਹੜਾ ਏ। ਲੋਕ ਦਾ ਪਾਤਸ਼ਾਹ ਕਿ ਪਰਲੋਕ ਦਾ ਪਾਤਸ਼ਾਹ।' ਉਸ ਘਾਹੀ ਨੇ ਫੇਰ ਬੜੀ ਤੀਬਰਤਾ ਨਾਲ ਪੁੱਛਿਆ।

'ਨਾ ਲੋਕ ਦਾ ਪਾਤਸ਼ਾਹ ਤੇ ਨਾ ਪਰਲੋਕ ਦਾ ਪਾਤਸ਼ਾਹ ਅਸਲੀ ਏ, ਭਲਿਆ ਲੋਕਾ ਅਸਲੀ ਤੇ ਲੋਕ-ਪਰਲੋਕ ਦਾ ਪਾਤਸ਼ਾਹ ਏ, ਜਿੰਨੂੰ ਦੁਨੀਆਂ ਕਹਿੰਦੀ ਏ, 'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ' ਜਾਹ ਲੋਕ-ਪਰਲੋਕ ਦੇ ਪਾਤਸ਼ਾਹ ਦੇ ਚਰਨੀਂ ਲੱਗੀਂ, ਦਰਸ਼ਨ ਪਾਈਂ, ਜੋ ਮਿਲੇ ਸਾਡੇ ਨਾਲ ਵੀ ਅੱਧ ਵੰਡਾਈ।'

ਸਾਈਂ ਲੋਕ ਨੇ ਹੱਸਦਿਆਂ ਕਿਹਾ ਤੇ ਮੌਜ ਵਿਚ ਤੁਰਦਾ ਹੋਇਆ।

ਉਹ ਘਾਹੀ ਵਿਚਾਰਾ ਫੇਰ ਉਲਝਣਾਂ ਵਿਚ ਪੈ ਗਿਆ ਤੇ ਸੋਚਣ ਲੱਗਾ ਕਿ ਇਕ ਤਾਂ ਹੋਇਆ ਲੋਕ ਦਾ ਪਾਤਸ਼ਾਹ ਤੇ ਦੂਜਾ ਹੋਇਆ ਪਰਲੋਕ ਦਾ ਪਾਤਸ਼ਾਹ। ਪਰਲੋਕ ਦਾ ਪਾਤਸ਼ਾਹ ਤੇ ਹੋਵੇਗਾ ਪਰਲੋਕ ਵਿਚ, ਉਹਦਾ ਇਸ ਲੋਕ ਵਿਚ ਟਿਕਾਣਾ ਕਿਥੇ ?

ਸੋ ਮੈਂ ਤੀਜੇ ਪਾਤਸ਼ਾਹ ਨੂੰ ਮਿਲਾਂਗਾ, ਜਿਹੜਾ ਲੋਕ ਪਰਲੋਕ ਵਿਚ ਵੀ ਦੋਹੀਂ ਥਾਂਈਂ ਹੋਵੇਗਾ।

ਇਸ ਤਰ੍ਹਾਂ ਦੀਆਂ ਸੋਚਾਂ ਸੋਚਦਾ ਉਹ ਤੁਰਿਆ ਗਿਆ ਤੇ ਪਾਤਸ਼ਾਹ ਜਹਾਂਗੀਰ ਦੇ ਡੇਰੇ ਜਾ ਪੁੱਜਾ।

ਸਿਪਾਹੀਆਂ ਨੇ ਰੋਕਿਆ ਤੇ ਪੁੱਛਿਆ, "ਭਲਿਆ ਲੋਕਾ, ਤੂੰ ਕਿਧਰ

ਜਾ ਰਿਹਾ ਹੈਂ ?"

'ਮੈਂ ਪਾਤਸ਼ਾਹ ਦੀ ਹਜ਼ੂਰੀ ਵਿਚ ਜਾਣਾ ਚਾਹੁੰਦਾ ਹਾਂ।' ਉਸ ਘਾਹੀ ਨੇ ਅਧੀਨਗੀ ਨਾਲ ਕਿਹਾ।

ਇਕ ਸਿਪਾਹੀ ਗਿਆ ਤੇ ਪਾਤਸ਼ਾਹ ਦੇ ਦਰਬਾਰੀ ਅਫਸਰ ਕੋਲੋਂ ਪਾਤਸ਼ਾਹ ਦੇ ਮਿਲਣ ਦੀ ਆਗਿਆ-ਪੱਤਰ ਉਸ ਘਾਹੀ ਨੂੰ ਲਿਆ ਦਿੱਤਾ।

ਘਾਹੀ ਨੇ ਉਹ ਪਰਵਾਨਾ ਲੈ ਕੇ ਉਸ ਦਾ ਧੰਨਵਾਦ ਕੀਤਾ ਅਤੇ ਸ਼ਹਿਨਸ਼ਾਹ ਦੇ ਦਰਬਾਰ ਵਿਚ ਪੁੱਜ ਗਿਆ। ਅੱਗੇ ਜਹਾਂਗੀਰ ਬਾਦਸ਼ਾਹ ਆਪਣੇ ਤਖ਼ਤ ਉਤੇ ਬਿਰਾਜਮਾਨ ਸੀ। ਇਸ ਨੇ ਜਾਂਦਿਆਂ ਹੀ ਆਪਣੀ ਕਿਰਤ ਕਮਾਈ ਵਿਚੋਂ ਇਕ ਟਕਾ ਕੱਢਿਆ ਅਤੇ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਉਹ ਟਕਾ ਰੱਖ ਕੇ ਉਸ ਦੇ ਕਦਮਾਂ ਉਤੇ ਢਹਿ ਪਿਆ।'

ਘੜੀ ਕੁ ਮਗਰੋਂ ਉਹ ਦੋਵੇਂ ਹੱਥ ਜੋੜ ਕੇ ਜਹਾਂਗੀਰ ਦੀ ਹਜ਼ੂਰੀ ਵਿਚ ਅੱਖਾਂ ਬੰਦ ਕਰਕੇ ਖੜਾ ਸੀ।

ਜਹਾਂਗੀਰ ਪਾਤਸ਼ਾਹ ਨੇ ਫੁਰਮਾਇਆ-"ਕਿਉਂ, ਕਿਆ ਤਕਲੀਫ ਹੈ। ਕਿਆ ਚਾਹਤਾ ਹੈਂ ?"

ਘਾਹੀ-ਹਜ਼ੂਰ ਪਾਤਸ਼ਾਹਾਂ ਦੇ ਪਾਤਸ਼ਾਹ! ਤਕਲੀਫ ਤੇ ਕੋਈ ਨਹੀਂ, ਬਸ ਇਕੋ ਲਾਲਸਾ ਹੈ ਕਿ ਮੇਰੇ ਜਨਮ ਮਰਨ ਦੇ ਬੰਧਨ ਕੱਟ ਕੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਆ ਜਾਵੇ।

ਇਹ ਸ਼ਬਦ ਸੁਣਦਿਆਂ ਹੀ ਜਹਾਂਗੀਰ ਬਾਦਸ਼ਾਹ ਖਿੜ-ਖਿੜਾ ਕੇ ਹੱਸ ਪਿਆ ਤੇ ਕਹਿਣ ਲੱਗਾ, 'ਅੱਛਾ, ਤੂੰ ਚਾਹਤਾ ਹੈਂ ਕਿ ਤੇਰੇ ਜਨਮ ਮਰਨ ਦੇ ਬੰਧਨ ਕਾਟੇ ਜਾਏਂ ?'

ਇਹ ਕਹਿ ਕੇ ਬਾਦਸ਼ਾਹ ਫਿਰ ਖਿੜ ਕੇ ਹੱਸਿਆ ਤੇ ਫੁਰਮਾਇਆ, 'ਭਾਈ ਵੁਹ ਪਾਤਸ਼ਾਹ ਹਮ ਨਹੀਂ ਹੈਂ। ਸਾਮਨੇ ਉਸ ਖੈਮੇਂ ਮੇ ਚਲੇ ਜਾਉ।'

ਵਹਾਂ ਹੈਂ ਆਪ ਕੇ ਪਾਤਸ਼ਾਹੋਂ ਕੇ ਪਾਤਸ਼ਾਹ, 'ਵੁਹੀ ਆਪ ਦੇ ਬੰਧਨ ਕਾਟ ਸਕਤੇ ਹੈਂ।'

ਉਹ ਘਾਹੀ ਹੈਰਾਨ ਪਰੇਸ਼ਾਨ ਹੋ ਕੇ ਏਧਰ ਓਧਰ ਤੱਕਣ ਲੱਗਾ। ਟਕਾ ਜਹਾਂਗੀਰ ਪਾਤਸ਼ਾਹ ਦੇ ਅੱਗੇ ਪਿਆ ਹੈ। ਇਹ ਦੋਵੇਂ ਹੱਥ ਜੋੜ ਕੇ ਅੱਖਾਂ ਬੰਦ ਕਰਕੇ ਖੜ੍ਹਾ ਹੈ।

ਬਾਦਸ਼ਾਹ ਨੇ ਫੇਰ ਕਿਹਾ, ਹਾਂ, ਹਾਂ, ਭਾਈ ਘਬਰਾਉ ਨਹੀਂ, ਆਪ ਕੇ ਸ਼ਹਿਨਸ਼ਾਹ, ਆਪ ਕੋ ਵਹਾਂ ਹੀ ਮਿਲੇਂਗੇ।'

ਇਹ ਸੁਣ ਕੇ ਉਸ ਘਾਹੀ ਦੇ ਦਿਲ ਅੰਦਰ ਪਤਾ ਨਹੀਂ ਕੀ ਆਇਆ, ਉਸ ਨੇ ਨਾ ਅੱਗਾ ਦੇਖਿਆ ਨਾ ਪਿੱਛਾ ਦੇਖਿਆ, ਮੁਗਲ ਸ਼ਹਿਨਸ਼ਾਹ ਅੱਗੋਂ ਆਪਣਾ ਟਕਾ ਚੁੱਕ ਕੇ ਇਸ ਤਰ੍ਹਾਂ ਪਿਛਾਂਹ ਦੌੜਿਆ ਜਿਵੇਂ ਕੋਈ ਕੈਦੀ ਕਿਸੇ ਦੇ ਨਿਰਦਈ ਪੰਜੇ ਵਿਚੋਂ ਛੁਟਕਾਰਾ ਪਾ ਕੇ ਅੰਨੇ ਵਾਹ ਦੌੜਦਾ ਹੈ।

ਜਦੋਂ ਇਹ ਇਸ ਤਰ੍ਹਾਂ ਦੌੜਿਆ ਜਾ ਰਿਹਾ ਸੀ ਤਾਂ ਇਸ ਨੂੰ ਫੇਰ ਓਹੋ ਸਾਈਂ ਲੋਕ ਮਿਲਿਆ ਤੇ ਕਹਿਣ ਲੱਗਾ, 'ਕੀ ਗੱਲ ਹੈ ? ਇਹ ਭਉਜਲ ਤੇ ਇਹ ਪਰੇਸ਼ਾਨੀ ਕਿਉਂ ? ਕੀ ਮੇਰੇ ਮੀਰੀ-ਪੀਰੀ ਦੇ ਮਾਲਕ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਦਰਸ਼ਨ ਨਹੀਂ ਹੋਏ ? ਤੂੰ ਇਸ ਤਰ੍ਹਾਂ ਘਬਰਾਇਆ ਹੋਇਆ ਜਾ ਰਿਹਾ ਹੈ।'

ਉਸ ਘਾਹੀ ਨੇ ਨਾਂਹ ਵਿਚ ਸਿਰ ਹਿਲਾਇਆ ਤੇ ਉਹ ਸਾਈਂ ਲੋਕ ਉਸ ਨੂੰ ਕਹਿਣ ਲੱਗਾ, 'ਘਬਰਾਉਣ ਦੀ ਲੋੜ ਨਹੀਂ, ਮੇਰੇ ਨਾਲ ਆ, ਤੂੰ ਗਲਤ ਰਸਤੇ ਪੈ ਗਿਆ ਹੈਂ।'

ਜਿਧਰ ਤੂੰ ਗਿਆ ਸੀ ਉਹ ਰਸਤਾ ਹੋਰ ਸੀ, ਉਹ ਭਾਰਤ ਵਰਸ਼ ਦਾ ਪਾਤਸ਼ਾਹ ਹੈ ਜੋ ਆਪਣੀ ਤਲਵਾਰ ਦੇ ਜ਼ੋਰ ਨਾਲ ਇਸ ਦੇਸ਼ ਉਤੇ ਹਕੂਮਤ ਕਰ ਰਿਹਾ ਹੈ।

ਤੂੰ ਮੇਰੇ ਪਾਤਸ਼ਾਹ, ਨਹੀਂ ਨਹੀਂ ਸੱਚੇ ਪਾਤਸ਼ਾਹ, ਪਾਤਸ਼ਾਹਾਂ ਦੇ ਪਾਤਸ਼ਾਹ, ਇਸ ਲੋਕ ਦੇ ਪਾਤਸ਼ਾਹ, ਪਰਲੋਕ ਦੇ ਪਾਤਸ਼ਾਹ, ਦੀਨ ਦੇ ਪਾਤਸ਼ਾਹ, ਦੁਨੀ ਦੇ ਪਾਤਸ਼ਾਹ ਦਾ ਇਕ ਵਾਰ ਪਿਆਰ ਭਰਿਆ ਦਰਸ਼ਨ ਕਰ ਲਵੇਂ ਤਾਂ ਇਹੋ ਜਿਹੇ ਪਾਤਸ਼ਾਹ ਤੈਨੂੰ ਭੁੱਲ ਜਾਣਗੇ।

Sri Satguru Jagjit Singh Ji eLibrary NamdhariElibrary@gmail.com

ਆ ਮੇਰੇ ਨਾਲ ਆ, ਮੇਰੇ ਮਗਰ ਆ, ਉਹ ਰਸਤਾ ਤੇ ਦੁਨੀਆਂ ਦੇ ਬੰਧਨਾਂ ਦਾ ਸੀ, ਪਰ ਇਹ ਰਸਤਾ ਦੁਨੀਆਂ ਦੇ ਬੰਧਨਾਂ ਤੋਂ ਅਜਾਦ ਕਰਾਉਣ ਵਾਲੇ ਅਤੇ ਸੱਚਖੰਡ ਦਾ ਰਾਹ ਦਰਸਾਣ ਵਾਲੇ ਨੂਰੀ ਦੇ ਰਾਹਬਰ ਦੇ ਚਰਨਾਂ ਵੱਲ ਲੈ ਜਾਂਦਾ ਹੈ।

ਜਿਸ ਸ਼ਰਧਾ ਭਗਤੀ ਨਾਲ ਤੂੰ ਆਇਆ ਹੈਂ ਉਸੇ ਸ਼ਰਧਾ ਭਗਤੀ ਨਾਲ ਮੇਰੇ ਮਗਰ-ਮਗਰ ਤੁਰਿਆ ਆ ਤੇ ਯਾਦ ਰੱਖ-

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,<br>
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈਂ।

# ਪਰਤੱਖ ਦੀਦਾਰ

ਅੱਗੇ ਅੱਗੇ ਉਹ ਸਾਈਂ ਲੋਕ ਤੁਰਿਆ ਜਾ ਰਿਹਾ ਹੈ ਤੇ ਮਗਰ ਉਹ ਘਾਹੀ। ਘਾਹੀ ਦਿਲ ਅੰਦਰ 'ਪਾਤਸ਼ਾਹਾਂ ਦੇ ਪਾਤਸ਼ਾਹ' ਦੇ ਦਰਸ਼ਨਾਂ ਦੀ ਲਾਲਸਾ ਹੈ ਕਿ ਆਪਣੇ ਪ੍ਰੀਤਮ ਦੇ ਚਰਨ ਪਰਸ ਕੇ ਮੈਂ ਉਨ੍ਹਾਂ ਵਿਚ ਹੀ ਸਮਾ ਜਾਵਾਂ, ਤਾਂ ਜੋ 'ਲੋਕ ਸੁਖੀਏ ਤੇ ਪਰਲੋਕ ਸੁਹੇਲੇ' ਦੇ ਮਹਾਂਵਾਕ ਅਨੁਸਾਰ ਸ਼ਾਇਦ ਇਹ ਪਦਵੀ ਪ੍ਰਾਪਤ ਹੋ ਜਾਵੇ।

ਜਹਾਂਗੀਰ ਪਾਤਸ਼ਾਹ ਅੱਗੇ ਚੜ੍ਹਾਇਆ ਇਕ 'ਟਕਾ' ਜੋ ਆਪਣੀ ਮਿਹਨਤ ਦੀ ਕਿਰਤ ਕਮਾਈ ਵਿਚੋਂ ਬਚਾ ਕੇ ਲਿਆਇਆ ਸੀ ਕਿ ਮੈਂ ਆਪਣੇ 'ਪਾਤਸ਼ਾਹਾਂ ਦੇ ਪਾਤਸ਼ਾਹ' ਦੇ ਚਰਨ ਕੰਵਲਾਂ ਦੇ ਸਤਿਕਾਰ ਲਈ ਉਨ੍ਹਾਂ ਅੱਗੇ ਭੇਟ ਕਰਕੇ ਨੂਰੀ ਪ੍ਰੀਤਮ ਦੇ ਚਰਨਾਂ ਉਤੇ ਹੀ ਡਿੱਗਾ ਰਹਾਂਗਾ।

ਉਹ ਟਕਾ ਘੁਟ ਕੇ ਆਪਣੀ ਮੁਠ ਵਿਚ ਫੜਿਆ ਹੋਇਆ ਹੈ, ਮਤਾਂ ਮੇਰੀ ਕਿਰਤ ਕਮਾਈ ਦੀ ਪੂੰਜੀ ਅੰਞਾਈ ਨਾ ਚਲੀ ਜਾਵੇ।

ਪੈਰ ਸ਼ਹਿਨਸ਼ਾਹ ਦੀ ਹਜ਼ੂਰੀ ਵੱਲ ਵਧ ਰਹੇ ਹਨ, ਮਨ ਪਹਿਲਾਂ ਹੀ ਓਥੇ ਜਾ ਪਹੁੰਚਾ ਹੈ, ਪਰ ਦਰਸ਼ਨ ਦੀਦਾਰ ਦੀ ਲਾਲਸਾ ਉਸ ਸਾਈਂ ਲੋਕ ਦੇ ਮਗਰ-ਮਗਰ ਤੋਰੀ ਜਾ ਰਹੀ ਹੈ।

ਸ਼ਹਿਨਸ਼ਾਹ ਮੀਰੀ-ਪੀਰੀ ਦੇ ਮਾਲਕ ਅਚਾਨਕ ਆਪਣੇ ਤੰਬੂ ਵਿਚੋਂ ਨਿਕਲ ਆਏ ਤੇ ਬਾਹਰ ਖੜ੍ਹੇ ਹੋਏ ਹਨ।

ਉਹ ਸਾਈਂ ਲੋਕ ਅੱਗੇ ਵਧਿਆ, ਤੇ 'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ।' ਦੇ ਸ਼ਬਦ ਉਚਾਰਦਾ ਹੋਇਆ ਹਜ਼ੂਰੀ ਵਿਚ ਪੁੱਜ

ਗਿਆ ਤੇ ਉਸ ਘਾਹੀ ਨੂੰ ਕਹਿਣ ਲੱਗਾ, "ਲੈ, ਹੁਣ ਪਰਤੱਖ ਦਰਸ਼ਨ ਕਰ ਲੈ, ਫੇਰ ਨਾ ਕਹੀਂ ਕਿ ਪਾਤਸ਼ਾਹਾਂ ਦੇ ਰੱਜ-ਰੱਜ ਕੇ ਦਰਸ਼ਨ ਨਹੀਂ ਕੀਤੇ ।"

ਉਹ ਘਾਹੀ ਅੱਗੇ ਵਧਿਆ, ਉਸ ਨੂੰ ਆਪਣੇ ਆਪ ਦੀ ਕੋਈ ਹੋਸ਼ ਨਾ ਰਹੀ । ਨੂਰੀ ਜਲਵਾ ਵੇਖ ਕੇ ਹੈਰਾਨ ਰਹਿ ਗਿਆ ।

ਉਸ ਟਕਾ ਚਰਨਾਂ ਅੱਗੇ ਰੱਖਿਆ ਤੇ ਇਕ ਦਮ ਨੂਰੀ ਪ੍ਰੀਤਮ ਜੀ ਦੇ ਚਰਨਾਂ 'ਤੇ ਸਿਰ ਜਾ ਝੁਕਾਇਆ। ਦੋਵੇਂ ਹੱਥ ਦੋਵੇਂ ਚਰਨਾਂ 'ਤੇ ਟਿਕੇ ਹੋਏ ਹਨ ।

'ਨਿਹਾਲ ! ਭਾਈ ਨਿਹਾਲ !' ਮੇਰੇ ਸ਼ਹਿਨਸ਼ਾਹ ਦੇ ਮੁਖਾਰਬਿੰਦ ਵਿਚੋਂ ਨਿਕਲਿਆ ਅਤੇ ਕਿਹਾ, "ਉਠੋ ਗੁਰਮੁਖ ਜੀ ! ਕਰਤਾਰ ਦਾ ਸਿਮਰਨ ਕਰੋ ।"

ਪਰ ਉਹ ਘਾਹੀ ਤਾਂ ਚਰਨਾਂ ਉਤੇ ਢੱਠਾ ਪਿਆ ਸੀ ਕਿ ਉਸ ਨੂੰ ਆਪਣੀ ਸੁਧ-ਬੁਧ ਹੀ ਕੋਈ ਨਹੀਂ ਸੀ ਰਹੀ ।

ਉਹ ਸਾਈਂ ਲੋਕ ਬੋਲਿਆ, "ਭਾਈ ਜੀ ਅਰਸ਼ੀ ਪ੍ਰੀਤਮ ਦੇ ਚਰਨਾਂ 'ਤੇ ਢਹਿ ਕੇ ਸਮਾਂ ਨਹੀਂ ਗੁਆਉਣਾ ਚਾਹੀਦਾ। ਜਿੰਨਾ ਚਿਰ ਚਰਨਾਂ ਦੇ ਸੀਸ ਪਿਆ ਰਹੇਗਾ ਤੈਨੂੰ ਨੂਰੀ ਮੁਖੜੇ ਦਾ ਦਰਸ਼ਨ ਨਹੀਂ ਹੋ ਸਕੇਗਾ। ਉਠ, ਮੇਰੇ ਪ੍ਰੀਤਮ ਦੇ ਖੁਲ੍ਹੇ ਦਰਸ਼ਨ ਦੀਦਾਰ ਕਰਕੇ ਆਪਣਾ ਜਨਮ ਸਫਲਾ ਕਰ ਲੈ ।'

ਉਹ ਘਾਹੀ ਉਠਿਆ। ਦੋਵੇਂ ਹੱਥ ਜੋੜ ਕੇ ਹਜ਼ੂਰ ਦੀ ਹਜ਼ੂਰੀ ਵਿਚ ਬੜਾ ਹੀ ਨਿਰਮਾਣ ਹੋ ਕੇ ਖਲੋ ਗਿਆ ।

ਸਤਿਗੁਰਾਂ ਨੇ ਫੁਰਮਾਇਆ, 'ਭਾਈ ਸਾਹਿਬ ! ਜੋ ਕੁਝ ਵੀ ਦਿਲ ਦੀ ਮੁਰਾਦ ਹੈ, ਸਭ ਪੂਰੀ ਹੋਵੇਗੀ । ਜੋ ਲਾਲਸਾ ਹੈ ਕਹਿ ਸੁਣਾਉ ।'

ਉਸ ਘਾਹੀ ਨੇ ਕਿਹਾ, 'ਮੇਰੇ ਸ਼ਹਿਨਸ਼ਾਹ ! ਜੇ ਤੁਠੇ ਹੋ ਤਾਂ ਇਹ ਜਨਮ-ਮਰਨ ਦੇ ਬੰਧਨ ਕੱਟ ਦਿਉ ।'

ਉਸ ਘਾਹੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਸਨ ਤੇ ਹੁਣ

Sri Satguru Jagjit Singh Ji eLibrary NamdhariElibrary@gmail.com

ਉਹ ਬਿਲਕੁਲ ਚੁੱਪ ਸੀ ।

ਇਹ ਦੇਖ ਕੇ ਉਹ ਸਾਈਂ ਲੋਕ ਹੱਸ ਪਿਆ ਤੇ ਕਹਿਣ ਲੱਗਾ, 'ਭਲਿਆ ਲੋਕਾ ! ਹੁਣ ਜਨਮ-ਮਰਨ ਦੇ ਬੰਧਨ ਕਿਥੇ । ਬੰਦੀਛੋੜ ਦੀ ਹਜ਼ੂਰੀ ਵਿੱਚ ਆ ਕੇ ਜੇ ਬੰਧਨ ਰਹਿ ਗਏ ਤਾਂ ਫੇਰ ਇਹ ਬੰਦੀਛੋੜ ਕਾਹਦੇ ?'

ਤੇਰੇ ਬੰਧਨ ਤਾਂ ਉਸੇ ਵੇਲੇ ਹੀ ਕੱਟੇ ਗਏ ਸਨ, ਜਦੋਂ ਤੂੰ ਹਿਰਦੇ ਅੰਦਰ ਮੇਰੇ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਦਰਸ਼ਨ ਦਾ ਖਿਆਲ ਹੀ ਕਰ ਲਿਆ ਸੀ ।

ਸ਼ਹਿਨਸ਼ਾਹ ਮੀਰੀ-ਪੀਰੀ ਦੇ ਮਾਲਕ ਮੁਸਕਰਾਏ ਤੇ ਫੁਰਮਾਇਆ, ਸੁਥਰਿਆ ! ਇਹ ਨਿਰੰਕਾਰੀ ਦਾਤ ਹੈ । ਇਸ ਵਿਚ ਸ਼ੱਕ ਨਹੀਂ ਕਿ 'ਜੋ ਮਾਂਗੇ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ' ਉਹ ਦਾਤਾਰ ਸਿਰਜਨਹਾਰ ਆਪਣੇ ਪ੍ਰੇਮੀਆਂ ਦੀਆਂ ਮੂੰਹੋਂ ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ । ਇਸ ਲਈ ਜੋ ਵੀ ਉਸ ਨਾਲ ਸੱਚੇ ਦਿਲੋਂ ਪਿਆਰ ਕਰਦਾ ਹੈ, ਉਸ ਦੀਆਂ ਸਾਰੀਆਂ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ ।

ਦਾਤਾਰ ! ਇਸ ਗੱਲ ਦਾ ਤਾਂ ਮੈਨੂੰ ਅੱਗੇ ਹੀ ਪਤਾ ਸੀ, ਪਰ ਬਖਸ਼ਣਹਾਰ ਜੀਉ, ਜਿਸ ਨੇ ਇਕ ਵਾਰ ਦਰਸ਼ਨ ਕਰ ਲਿਆ, ਉਸ ਦੇ ਹਿਰਦੇ ਅੰਦਰ ਨਿਰੰਕਾਰੀ ਜੋਤ ਵੱਸ ਗਈ । ਫੇਰ ਕੋਈ ਲਾਲਸਾ ਓਥੇ ਰਹਿ ਹੀ ਕਿਸ ਤਰ੍ਹਾਂ ਸਕਦੀ ਹੈ ?

ਉਹ ਨਿਰੰਕਾਰ ਕਰਤਾਰ ਸਾਖਸ਼ਾਤ ਮੀਰੀ-ਪੀਰੀ ਦਾ ਮਾਲਕ ਗੁਰੂ ਨਾਨਕ ਦੇਵ ਦੀ ਛੇਵੀਂ ਜੋਤ ਦਾ ਪ੍ਰਕਾਸ਼ ਕਰਕੇ ਸੰਸਾਰ ਦਾ ਹਨ੍ਹੇਰਾ ਦੂਰ ਕਰ ਰਿਹਾ ਹੋਵੇ ਤਾਂ ਫਿਰ ਕਿਸੇ ਨੂੰ ਏਧਰ ਉਧਰ ਭਟਕਣ ਦੀ ਕੀ ਲੋੜ ਹੈ ।

ਗੁਰੂ ਨਾਨਕ ਕਲਜੁਗ ਅੰਦਰ ਧਰਮ ਦੇ ਬੇੜੇ ਪਾਰ ਕਰਨ ਲਈ ਆਇਆ ਹੈ । ਹਰ ਜੁਗ ਦਾ ਆਪਣਾ ਆਪਣਾ ਅਵਤਾਰ ਹੋਇਆ ਹੈ । ਸਤਿਜੁਗ ਦਾ ਅਵਤਾਰ ਵਿਸ਼ਨੂੰ ਹੋਇਆ ਹੈ, ਦੁਆਪਰ ਦਾ ਅਵਤਾਰ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਕ੍ਰਿਸ਼ਨ ਸੀ ਤੇ ਤ੍ਰੇਤੇ ਦਾ ਅਵਤਾਰ ਸ੍ਰੀ ਰਾਮ ਸੀ ਤੇ ਕਲਜੁਗੀ ਜੀਵਾਂ ਦੇ ਉਧਾਰ ਲਈ ਗੁਰੂ ਨਾਨਕ ਅਵਤਾਰ ਧਾਰ ਕੇ ਆਏ।

ਹੁਣ ਗੁਰੂ ਨਾਨਕ ਦਾ ਰਾਜ ਹੈ, ਗੁਰੂ ਨਾਨਕ ਦਾ **ਪਹਿਰਾ** ਹੈ, ਗੁਰੂ ਨਾਨਕ ਹੀ ਪਾਰ ਉਤਾਰਾ ਕਰ ਰਿਹਾ ਹੈ, ਕਰਦਾ **ਰਿਹਾ ਹੈ** ਅਤੇ ਅੱਗੋਂ ਤੋਂ ਵੀ ਕਰਦਾ ਰਹੇਗਾ ਮਹਾਰਾਜ ! ਜਿਸ ਨੇ ਗੁਰੂ ਨਾਨਕ ਦਾ ਛੇਵੇਂ ਸਰੂਪ ਦਾ ਦਰਸ਼ਨ ਕਰ ਲਿਆ।

ਉਸ ਨੂੰ ਫੇਰ ਕਾਹਦੀ ਭੁੱਖ ਰਹਿ ਸਕਦੀ ਹੈ। ਜਮ ਕੰਕਰ ਉਸ ਦੇ ਨੇੜੇ ਨਹੀਂ ਫੜਕ ਸਕਦੇ ਉਹ ਤੇ ਇਸੇ ਜਨਮ ਵਿਚ ਹੀ ਮੁਕਤ ਹੋ ਗਿਆ ਸਮਝੋ। ਸੁਥਰੇ ਨੇ ਕਿਹਾ, ਹੱਥ ਜੋੜ ਕੇ ਚਰਨਾਂ 'ਤੇ ਢਹਿ ਪਿਆ।

ਫੇਰ ਉਸ ਘਾਹੀ ਨੂੰ ਕਿਹਾ, ਅਜੇ ਵੀ ਕੋਈ ਭਰਮ ਬਾਕੀ ਰਹਿ ਗਿਆ ਹੋਵੇ ਤਾਂ ਦੱਸ ਦਈਂ। ਜਲਦੀ ਕਰ, ਚਰਨਾਂ 'ਤੇ ਢਹਿ ਪਓ ਤੇ ਚਰਨਾਂ ਦੀ ਛੁਹ ਮਸਤਕ ਰਾਹੀਂ **ਪ੍ਰਾਪਤ ਕਰਕੇ** ਅਮਰ ਹੋ ਜਾ, ਪਰ ਇਹ ਯਾਦ ਰੱਖੀਂ ਕਿ ਫਿਰ ਇਨ੍ਹਾਂ ਚਰਨਾਂ ਤੋਂ ਪਰੇ ਨਾ ਹਟੀਂ, ਸਗੋਂ ਚਰਨ ਕੰਵਲਾਂ ਵਿਚ ਹੀ ਸਮਾਇਆ ਰਹੀਂ।

ਦਰਸ਼ਨ ਤੇ ਤੂੰ ਕਰ ਹੀ ਲਏ ਹਨ, ਹੁਣ ਤੇ ਤੂੰ ਅਗਲੀ ਦਰਗਾਹ ਵਿਚ ਵੀ ਇਹ ਨੂਰਾਨੀ ਮੁਖੜਾ ਪਛਾਣ ਹੀ ਲਏਂਗਾ, ਪਰ ਤੈਨੂੰ ਓਥੇ ਵੀ ਪਛਾਨਣ ਦੀ ਕੋਈ ਲੋੜ ਨਹੀਂ ਰਹੇਗੀ, ਮੇਰੇ ਸ਼ਹਿਨਸ਼ਾਹ ਤੈਨੂੰ ਆਪੇ ਪਛਾਣ ਲੈਣਗੇ।

ਉਹ ਘਾਹੀ ਹੈਰਾਨ ਹੋਇਆ ਸੁਣਦਾ ਗਿਆ ਜੋ ਕੁਛ ਉਸ ਸਾਈਂ ਲੋਕ ਨੇ ਕਿਹਾ। ਘੜੀ ਕੁ ਮਗਰੋਂ ਉਸ ਨੇ ਕਿਹਾ ਟਕਾ ਫੇਰ ਚੁੱਕਿਆ ਤੇ ਸ਼ਹਿਨਸ਼ਾਹ ਦੇ ਚਰਨਾਂ ਉਤੇ ਰੱਖ ਕੇ ਬੇਨਤੀ ਕੀਤੀ, ਮੇਰੇ ਪਾਤਸ਼ਾਹਾਂ ਦੇ ਪਾਤਸ਼ਾਹ ! ਇਸ ਨਾਚੀਜ਼ ਦੀ ਇਹ ਭੇਟਾ ਪਰਵਾਨ ਕਰੋ।

ਇਹ ਇਸ ਦਾਸ ਦੇ ਦਸਾਂ ਨੌਹਾਂ ਦੀ ਕਿਰਤ ਕਮਾਈ ਵਿਚੋਂ ਤਿਲ ਫੁੱਲ ਹਾਜ਼ਰ ਹੈ। ਮੇਰੇ ਸ਼ਹਿਨਸ਼ਾਹ ! ਇਹ ਆਪ ਦੀ ਹੀ ਬਖਸ਼ਿਸ਼ ਹੈ।

ਹੁਣ ਮੈਨੂੰ ਇਸ ਦੀ ਵੀ ਲੋੜ ਨਹੀਂ ਰਹੀ। ਦਾਤਾਰ ਜੀਓ ! 'ਤੁਧ

ਬਿਨ ਹੋਰ ਜੇ ਮੰਗਣਾ ਸਿਰ ਦੁਖਾਂ ਦੈ ਦੁਖ ॥ ਦੇਹੁ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'

ਓਏ ਤੂੰ ਅਜੇ ਵੀ ਨਾਮ ਦੀ ਲਾਲਸਾ ਰੱਖੀ ਬੈਠਾ ਏਂ । ਭਲਿਆ ਲੋਕਾ ! ਨਾਮ ਤੇ ਇਸ ਲਈ ਮੰਗੀ ਦਾ ਏ ਕਿ ਨਾਮੀ (ਪਰਮਾਤਮਾ) ਦੀ ਪ੍ਰਾਪਤੀ ਹੋ ਜਾਏ, ਉਸ ਦੀ ਯਾਦ ਹਰ ਵੇਲੇ ਹਿਰਦੇ ਅੰਦਰ ਵੱਸੀ ਰਹੇ।

ਹੁਣ ਤੇ ਤੂੰ ਨਾਮੀ ਦੀ ਹਜ਼ੂਰੀ ਵਿਚ ਖਲੋ ਕੇ ਪ੍ਰਤੱਖ ਦੀਦਾਰ ਕਰ ਰਿਹਾ ਹੈਂ, ਹੁਣ ਨਾਮ ਦੀ ਲੋੜ ਬਾਕੀ ਰਹਿ ਗਈ ਹੈ ? ਸੁਥਰੇ ਨੇ ਕਿਹਾ ਕਿ ਜੇ ਇਮਤਿਹਾਨ ਦੀ ਸਨਦ ਮਿਲ ਜਾਏ ਫੇਰ ਕਿਤਾਬਾਂ ਨੂੰ ਘੋਟੇ ਲਾਉਣ ਦੀ ਲੋੜ ਹੀ ਨਹੀਂ ਰਹਿੰਦੀ । ਜੇ ਦਰਸ਼ਨ ਹੋ ਗਏ ਫੇਰ ਨਾਮ ਦੀ ਜਾਂ ਸਿਮਰਨ ਦੀ ਲੋੜ ਹੀ ਕੀ ਰਹਿ ਸਕਦੀ ਹੈ ।

ਸਤਿਗੁਰੂ ਜੀ ਮੁਸਕ੍ਰਾਏ ਅਤੇ ਕਹਿਣ ਲੱਗੇ, "ਸੁਥਰਿਆ ! ਇਹੋ ਜਿਹੀਆਂ ਦਲੀਲਾਂ ਗੁਰਸਿੱਖਾਂ ਨੂੰ ਨਹੀਂ ਸੋਭਦੀਆਂ । ਸ਼ਹਿਨਸ਼ਾਹ ਫੁਰਮਾਉਂਦੇ ਹਨ, 'ਸਤਿਗੁਰ ਨੋ ਸਭੁ, ਕੋ ਵੇਖਦਾ ਜੇਤਾ ਜਗਤੁ ਸੰਸਾਰ ॥ ਡਿਠੈ ਮੁਕਤਿ ਨਾ ਹੋਵਈ ਜਿਚਰ ਸਬਦ ਨਾ ਧਰੈ ਪਿਆਰੁ ॥'

ਸੋ ਸ਼ਬਦ ਦਾ ਪਿਆਰ, ਨਾਮ ਦਾ ਸਿਮਰਨ, ਗੁਰਮੰਤਰ ਚਿਤਾਰਣਾ ਹੀ ਅਸਲੀ ਪ੍ਰੇਮ ਹੈ, ਇਸ ਤੋਂ ਬਿਨਾਂ ਮਨ, ਹਾਂ ! ਇਹ ਚੰਚਲ ਮਨ ਟਿਕਿਆ ਰਹਿ ਹੀ ਨਹੀਂ ਸਕਦਾ । ਮਨ ਭਟਕਦਾ ਰਹਿੰਦਾ ਹੈ, ਪਰ ਸਿਮਰਨ ਹੀ ਇਕ ਅਜਿਹਾ ਸਾਧਨ ਹੈ, ਜੋ ਮਨ ਨੂੰ ਇਕ ਥਾਂ ਬੰਨ੍ਹੀ ਰੱਖਦਾ ਹੈ ।

ਮੇਰੇ ਸ਼ਹਿਨਸ਼ਾਹ ! ਇਹ ਸਾਧਨ ਦੂਸਰਿਆਂ ਲੋਕਾਂ ਲਈ ਭਾਵੇਂ ਲਾਭਦਾਇਕ ਹੋਵੇ, ਪਰ ਮੇਰੇ ਲਈ ਇਹ ਕਿਸੇ ਕੰਮ ਨਹੀਂ । ਇਕ ਵਾਰ ਨਿਰੰਕਾਰੀ ਜੋਤ ਦੇ ਦਰਸ਼ਨ ਹੋ ਜਾਣ ਤਾਂ ਇਹ ਦਰਸ਼ਨਾਂ ਦਾ ਨਸ਼ਾ ਕਈਆਂ ਜਨਮਾਂ ਤਕ ਨਹੀਂ ਲਹਿੰਦਾ । ਜਦ ਇਹ ਨਾਮ ਖ਼ੁਮਾਰੀ ਚੜ੍ਹੀ ਹੀ ਰਹਿਣੀ ਹੈ ਤਾਂ ਫੇਰ ਸਿਮਰਨ ਦੀ ਲੋੜ ਹੀ ਕੀ ਹੈ ।

ਸੁਥਰੇ ਨੇ ਫੇਰ ਨਿਮਰਤਾ ਨਾਲ ਬੇਨਤੀ ਕੀਤੀ । ਮੇਰੇ ਪਾਤਸ਼ਾਹ ! ਇਸ ਜਨਮ ਵਿਚ ਤਾਂ 'ਨਾਨਕ ਨਿਰੰਕਾਰੀ ਦੇ ਨਾਮ ਦਾ ਨਸ਼ਾ' ਤਾਂ

Sri Satguru Jagjit Singh Ji eLibrary NamdhariElibrary@gmail.com

ਉਤਰਦਾ ਨਹੀਂ, ਇਹਦੀ ਖੁਮਾਰੀ ਸ਼ਾਇਦ ਅਗਲੇ ਜਨਮ ਵਿਚ ਨਾ ਉਤਰੇ, ਇਹ ਖੁਮਾਰੀ ਉਹ ਏ ਜਿਹੜੀ ਉਤਾਰਿਆਂ ਵੀ ਨਹੀਂ ਉਤਰਦੀ, ਦਿਨੇ ਤੇ ਤੁਹਾਡੇ ਪ੍ਰਤੱਖ ਦਰਸ਼ਨ ਹੁੰਦੇ ਨੇ ਤੇ ਰਾਤ ਵੇਲੇ ਸੁਪਨੇ ਅੰਦਰ ਮੈਂ ਆਪਣੇ ਪਾਤਸ਼ਾਹ ਦੀ ਹਜ਼ੂਰੀ ਵਿਚ ਹੁੰਨਾ ਵਾਂ, ਇਹ ਦਰਸ਼ਨ ਦੀਦਾਰ ਦਾ ਨਸ਼ਾ ਤਾਂ ਚੜ੍ਹਦਾ ਹੀ ਰਹਿੰਦਾ ਏ, ਏਸ ਖੁਮਾਰੀ ਵਿਚ ਸਿਮਰਨ ਦਾ ਖ਼ਿਆਲ ਕਿਸ ਤਰ੍ਹਾਂ ਆ ਸਕਦਾ ਹੈ ?'

ਏਨੀ ਗੱਲ ਸੁਣ ਕੇ ਸੁਥਰਾ ਸ਼ਾਹ ਮੀਰੀ-ਪੀਰੀ ਦੇ ਮਾਲਕ ਦੇ ਚਰਨਾਂ 'ਤੇ ਢਹਿ ਪਿਆ। ਪਾਤਸ਼ਾਹ ਨੇ ਕਿਹਾ, 'ਨਿਹਾਲ ! ਭਾਈ ਨਿਹਾਲ ! ਉਠੋ !'

ਸੁਥਰਾ ਹੁਣ ਚਰਨ ਨਹੀਂ ਛੱਡਦਾ। ਅੰਤ ਬੋਲਿਆ, ਸ਼ਹਿਨਸ਼ਾਹ ਇਹ ਚਰਨ ਕੰਵਲਾਂ ਦੀ ਮੌਜ ਲੈ ਰਿਹਾ ਹਾਂ, ਤੁਸੀਂ ਕਿਉਂ ਰੋਕਦੇ ਹੋ ?'

ਸੁਥਰੇ ਦੀ ਇਹ ਗੱਲ ਸੁਣ ਕੇ ਪਾਤਸ਼ਾਹ ਹੱਸ ਪਏ ਤੇ ਫੁਰਮਾਇਆ, ਭਾਈ ਤੂੰ ਤੇ ਚਰਨ ਕੰਵਲਾਂ ਦੀ ਮੌਜ ਲੈ ਰਿਹਾ ਹੈ, ਪਰ ਹੋਰ ਸੰਗਤਾਂ ਦਾ ਖਿਆਲ ਵੀ ਹੈ ਈ ਕਿ ਨਹੀਂ ?'

'ਸੱਚੇ ਪਾਤਸ਼ਾਹ ! ਮੈਂ ਤੇ ਕਈ ਵਾਰ ਦੇਖਿਆ ਏ ਕਿ ਜਦੋਂ ਬਹੁਤ ਸਾਰੀਆਂ ਸੰਗਤਾਂ ਹਜ਼ੂਰ ਦੇ ਦਰਬਾਰ ਵਿਚ ਆਉਂਦੀਆਂ ਹਨ ਤਾਂ ਸੰਗਤਾਂ ਦੀ ਇਕ ਲੰਮੀ ਪਾਲ ਲੱਗ ਜਾਂਦੀ ਹੈ। ਕਈ ਅਜਿਹੇ ਪ੍ਰੇਮੀ ਆਉਂਦੇ ਹਨ ਕਿ ਕਿੰਨ੍ਹਾਂ-ਕਿੰਨ੍ਹਾਂ ਚਿਰ ਮੱਥਾ ਹੀ ਟੇਕਦੇ ਰਹਿੰਦੇ ਹਨ ਤੇ ਬਾਕੀ ਵਿਚਾਰੇ ਬੜੇ ਔਖੇ ਹੋ ਜਾਂਦੇ ਹਨ ਕਿ ਇਹ ਮੱਥਾ ਟੇਕ ਕੇ ਰਾਹ ਕਿਉਂ ਨਹੀਂ ਛੱਡਦਾ। ਅੱਜ ਤੇ ਮੈਂ ਇਕੱਲਾ ਹਾਂ ਤੇ ਤੁਸੀਂ ਮੈਨੂੰ ਅੱਜ ਵੀ ਇਹ ਮੌਜ ਨਹੀਂ ਲੈਣ ਦੇਂਦੇ?'

ਸੁਥਰਿਆ ਇਹ ਠੀਕ ਹੈ। ਬਹੁਤ ਸਾਰੇ ਲੋਕ ਗੁਰ ਦਰਬਾਰ ਵਿਚ ਦਰਸ਼ਨ ਕਰਨ ਆਉਂਦੇ ਹਨ ਤੇ ਮੱਥਾ ਟੇਕਣ ਲੱਗੇ ਭੁੱਲ ਜਾਂਦੇ ਹਨ ਕਿ ਕਿਸੇ ਹੋਰ ਵੀ ਨਮਸਕਾਰ ਕਰਨੀ ਏ, ਉਹ ਤੇਰੇ ਵਾਂਗ ਕਿੰਨ੍ਹਾਂ-ਕਿੰਨ੍ਹਾਂ ਚਿਰ ਸੀਸ ਨਿਵਾਈ ਰੱਖਦੇ ਹਨ, ਪਰ 'ਚਰਨ-ਸਰਨ' ਆਉਣ ਦਾ ਇਹ

ਮਤਲਬ ਨਹੀਂ ।

ਚਰਨ-ਸਰਨ ਦਾ ਮਤਲਬ ਇਹ ਹੈ ਕਿ ਗੁਰਸਿੱਖ ਭਾਵੇਂ ਕਿਤੇ ਵੀ ਬੈਠਾ ਰਹੇ, ਸਤਿਗੁਰੂ ਦਾ ਧਿਆਨ ਹਿਰਦੇ ਅੰਦਰ ਹਰ ਸਮੇਂ ਰਹੇ । ਨਿਰੇ ਮੱਥੇ ਟੇਕਣ ਨਾਲ ਕੁਝ ਨਹੀਂ ਬਣਦਾ ਜੇ 'ਰਿਦੇ ਕਸੁਧੇ ਜਾਹਿ ।' ਗੁਰਸਿੱਖ ਦੇ ਹਿਰਦੇ ਅੰਦਰ ਅਜਿਹਾ ਪਿਆਰ ਹੁੰਦਾ ਹੈ ਕਿ ਉਹ ਉਠਦਿਆਂ ਬੈਠਦਿਆਂ, ਸੌਂਦਿਆਂ-ਜਾਗਦਿਆਂ, ਖਾਂਦਿਆਂ-ਪੀਂਦਿਆਂ ਇਕ ਛਿਣ ਲਈ ਵੀ ਆਪਣੇ ਸਤਿਗੁਰੂ ਨੂੰ ਨਹੀਂ ਵਿਸਾਰਦਾ ।

ਇਸੇ ਲਈ ਤਾਂ ਕੋਈ ਬੁਰਾ ਖਿਆਲ ਗੁਰਸਿੱਖ ਦੇ ਹਿਰਦੇ ਅੰਦਰ ਆ ਹੀ ਨਹੀਂ ਸਕਦਾ । ਗੁਰਸਿੱਖ ਦਾ ਹਿਰਦਾ ਹਰ ਸਮੇਂ ਸਤਿਗੁਰੂ ਦੇ ਚਰਨਾਂ 'ਤੇ ਝੁਕਿਆ ਰਹਿੰਦਾ ਹੈ, ਉਸ ਨੂੰ ਇਸ ਤਰ੍ਹਾਂ ਸੀਸ ਨਿਵਾ ਕੇ ਡਿਗੇ ਰਹਿਣ ਦੀ ਲੋੜ ਨਹੀਂ ਹੁੰਦੀ ।'

'ਮੇਰੇ ਪਾਤਸ਼ਾਹ ! ਇਹੋ ਤੇ ਨਾਮ ਖੁਮਾਰੀ ਹੈ । ਮੇਰਾ ਦਿਲ ਕਰਦਾ ਏ ਕਿ ਦੂਰੋਂ ਹੀ ਇਹ ਨੂਰਾਨੀ ਦਰਸ਼ਨ ਹੁੰਦੇ ਰਹਿਣ ।'

'ਜਦੋਂ ਮੈਂ ਮੱਥਾ ਟੇਕਦਾ ਹਾਂ ਤਾਂ ਸਿਰ ਨੀਵਾਂ ਹੋ ਜਾਣ ਨਾਲ ਇਹ ਨੂਰੀ ਮੁਖੜਾ ਉਹਲੇ ਹੋ ਜਾਂਦਾ ਏ, ਮੇਰਾ ਦਿਲ ਤੇ ਨਹੀਂ ਕਰਦਾ ਕਿ ਮੈਂ ਮੱਥਾ ਟੇਕਾਂ, ਪਰ ਡਰ ਲੱਗਦਾ ਹੈ ਕਿ ਕਿਤੇ ਹਜ਼ੂਰ ਇਹ ਨਾ ਕਹਿਣ ਕਿ ਗੁਸਤਾਖ਼ ਹੋ ਗਿਆ ਏਂ ।' ਸੁਥਰੇ ਨੇ ਹੱਸਦਿਆਂ-ਹੱਸਦਿਆਂ ਕਿਹਾ।

'ਭਾਈ ਸਿੱਖਾ ! ਤੇਰੀਆਂ ਤੂੰ ਹੀ ਜਾਣੇ । ਜੋ ਮਰਜ਼ੀ ਏ ਕਰ, ਪਰ ਦਲੀਲਾਂ ਹੋਰਨਾਂ ਨੂੰ ਨਾ ਸੁਣਾਈਂ, ਸਾਰੇ ਏਸ ਅਵਸਥਾ ਵਿਚ ਨਹੀਂ ਹੁੰਦੇ ।' ਸਤਿਗੁਰਾਂ ਨੇ ਫੁਰਮਾਇਆ ।

ਉਹ ਘਾਹੀ ਆਪਣੇ ਰੰਗ ਵਿਚ ਖੜ੍ਹਾ 'ਸੱਚੇ ਪਾਤਸ਼ਾਹ ਦੇ ਨੂਰੀ ਮੁਖੜੇ ਦਾ ਦੀਦਾਰ ਲੈ ਰਿਹਾ ਹੈ ਤੇ ਨਾਲੇ ਇਹ ਵਾਰਤਾਲਾਪ ਸੁਣੀ ਜਾ ਰਿਹਾ ਹੈ । ਹੈਰਾਨ ਹੈ ਕਿ ਪਾਤਸ਼ਾਹ ਦੇ ਦਰਬਾਰ ਵਿਚ ਐਡੇ-ਐਡੇ ਲਾਡਲੇ ਤੇ ਨਿਝੱਕ ਸੇਵਕ ਵੀ ਹਨ, ਜੋ ਮੇਰੇ ਸ਼ਹਿਨਸ਼ਾਹ ਨਾਲ ਇਸ ਤਰ੍ਹਾਂ ਖੁਲ੍ਹਮ-ਖੁਲ੍ਹਾ ਵਿਚਾਰ ਕਰਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਸੁਥਰਾ ਉਠਿਆ, ਏਧਰ ਓਧਰ ਦੇਖਣ ਲੱਗਾ ਤੇ ਫੇਰ ਉਸ ਘਾਹੀ ਵੱਲ ਦੇਖ ਕੇ ਕਹਿਣ ਲੱਗਾ, ਓਹੋ ਮੈਂ ਭੁੱਲ ਹੀ ਗਿਆ ਸਾਂ।

ਮੈਂ ਤੇ ਇਸ ਗੁਰਮੁੱਖ ਨੂੰ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਲੈ ਕੇ ਆਇਆ ਸਾਂ। ਇਹ ਕਹਿ ਕੇ ਉਸ ਨੇ ਘਾਹੀ ਨੂੰ ਕਿਹਾ ਕਿ ਵੇਖਦਾ ਕੀ ਹੈਂ ?

'ਢਹਿ ਪਓ ਚਰਨਾਂ 'ਤੇ ਮੰਗ ਲੈ ਮੁਰਾਦਾਂ, ਐਸ ਵੇਲੇ ਪਾਤਸ਼ਾਹ ਆਪਣੀ ਮੌਜ ਵਿਚ ਆਏ ਹੋਏ ਨੇ।'

ਉਹ ਘਾਹੀ ਸ਼ਹਿਨਸ਼ਾਹ ਦੇ ਚਰਨਾਂ 'ਤੇ ਡਿੱਗਾ। ਚਰਨ ਪਰਸ ਕੇ ਬੇਨਤੀ ਕਰਨ ਲੱਗਾ, 'ਪਾਤਸ਼ਾਹ ! ਮੈਨੂੰ ਤੇ ਕੱਖ ਪਤਾ ਨਹੀਂ ਲੱਗਾ ਕਿ ਐਨਾਂ ਚਿਰ ਇਹ ਕੀ ਗੱਲਾਂ ਹੁੰਦੀਆਂ ਰਹੀਆਂ ਨੇ। ਮੈਨੂੰ ਤੇ ਇਹ ਵੀ ਭੁੱਲ ਗਿਆ ਸੀ ਕਿ ਮੈਂ ਇਥੇ ਆਇਆ ਕੀ ਕਰਨ ਸਾਂ ?

ਦਾਤਾਰ ! ਮਿਹਰ ਕਰੋ, ਮਿਹਰ ਕਰੋ, ਮਿਹਰ ਕਰੋ, ਇਸ ਕੀਟ ਨੂੰ ਵੀ ਇਸੇ ਤਰ੍ਹਾਂ ਚਰਨਾਂ ਨਾਲ ਲਾਈ ਰੱਖੋ ਤੇ ਇਸ ਭੌਜਲ ਸੰਸਾਰ ਵਿਚੋਂ ਪਾਰ ਉਤਾਰਾ ਕਰੋ।'

'ਓਏ, ਹੋਰ ਪਾਰ ਉਤਾਰਾ ਕੀ ਮੰਗਨਾ ਏਂ ?' ਸੁਥਰਾ ਫੇਰ ਬੋਲਿਆ, ਪ੍ਰਤੱਖ ਦਰਸ਼ਨ ਕਰਕੇ ਰਜਿਆ ਨਹੀਂ ?

ਅਜੇ ਵੀ ਕੋਈ ਸ਼ੱਕ ਬਾਕੀ ਰਹਿ ਗਿਆ ਏ ਕਿ ਤੇਰੇ ਜਨਮ-ਮਰਨ ਦੇ ਬੰਧਨ ਬਾਕੀ ਰਹਿ ਗਏ ? ਇਹ ਭਰਮ, ਇਹ ਸ਼ੱਕ ਦੂਰ ਕਰ ਲੈ, ਬੱਸ ਫੇਰ ਤੇ ਬੇੜਾ ਪਾਰ ਹੈ, ਜੇ ਗੁਰਸਿੱਖ ਦੇ ਹਿਰਦੇ ਅੰਦਰ ਫੇਰ ਭੀ ਭਰਮ ਜਾਂ ਸ਼ੱਕ ਬਾਕੀ ਰਹਿ ਜਾਏ ਤਾਂ ਸਮਝੋ ਉਸ ਨੇ ਉਹ ਦਰਸ਼ਨ ਨਹੀਂ ਕੀਤੇ। ਜਿਹੜੇ ਉਹ ਕਰਨ ਆਇਆ ਸੀ।

'ਜੇ ਦਰਸ਼ਨ ਕੀਤਿਆਂ ਭੌਜਲ ਤੋਂ ਪਾਰ ਨਾ ਹੋਏ ਤਾਂ ਉਹ ਦਰਸ਼ਨ ਕਾਹਦੇ ਹੋਏ।'

ਸਤਿਗੁਰੂ ਜੀ ਹੱਸ ਪਏ ਤੇ ਫੁਰਮਾਇਆ, 'ਨਹੀਂ ਭਾਈ ! ਇਸ ਤਰ੍ਹਾਂ ਨਹੀਂ, ਗੁਰਸਿੱਖ ਕਿਰਤ ਕਰਦਾ, ਕਿਰਤ ਕਮਾਈ ਵਿਚੋਂ ਗੁਰਸਿੱਖਾਂ ਦੀ

Sri Satguru Jagjit Singh Ji eLibrary NamdhariElibrary@gmail.com

ਸੇਵਾ ਕਰਦਾ ਹੋਇਆ ਜਦੋਂ ਇਸ ਸੰਸਾਰ ਤੋਂ ਚਲਾਣਾ ਕਰਨਾ ਹੈ, ਉਹ ਸਿੱਧਾ ਗੁਰਪੁਰੀ ਵਿਚ ਜਾ ਨਿਵਾਸ ਕਰਦਾ ਹੈ ਤੇ ਉਸ ਦੇ ਬੰਧਨ ਆਪੇ ਹੀ ਕੱਟੇ ਜਾਂਦੇ ਹਨ ।'

'ਹਰਦਮ ਨਾਨਕ ਸ਼ਾਹ ! ਧਰਮ ਦਾ ਬੇੜਾ ਬੰਨੇ ਲਾ ।'

ਕਹਿੰਦਾ ਹੋਇਆ ਸੁਥਰਾ ਨੱਚਦਾ-ਟੱਪਦਾ ਓਥੋਂ ਵਿਦਾ ਹੋ ਗਿਆ।

***

# ਦੀਵਾਲੀ ਦਾ ਮੇਲਾ

ਇਕ ਵਾਰੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਗੁਰ-ਦਰਬਾਰ ਵਿਚ ਦੀਵਾਲੀ ਦਾ ਸਮਾਗਮ ਬੜੇ ਉਤਸ਼ਾਹ ਨਾਲ ਮਨਾਇਆ ਜਾਵੇਗਾ, ਇਸ ਲਈ ਸੰਗਤਾਂ ਹੁੰਮ-ਹੁੰਮਾ ਕੇ ਦਰਸ਼ਨ ਦੇਣ। ਸਤਿਗੁਰਾਂ ਦੇ ਹੁਕਮਨਾਮੇ ਦਾ ਇਹ ਅਸਰ ਹੋਇਆ ਕਿ ਦੂਰ-ਦੂਰ ਦੇ ਪ੍ਰਾਂਤਾਂ ਅਤੇ ਦੂਰ-ਦੁਰਾਡੇ ਦੇਸ਼ਾਂ ਤੋਂ ਸੰਗਤਾਂ ਹੁੰਮ-ਹੁੰਮਾ ਕੇ ਆਈਆ।

ਸ੍ਰੀ ਅੰਮ੍ਰਿਤਸਰ ਜੀ ਵਿਚ ਸੰਗਤਾਂ ਦੀ ਰਿਹਾਇਸ਼ ਤੇ ਗੁਰ-ਦਰਬਾਰ ਵਿਚ ਦੀਵਾਨ ਦਾ ਬੜੇ ਉਤਸ਼ਾਹ ਨਾਲ ਪ੍ਰਬੰਧ ਕੀਤਾ ਗਿਆ।

ਦੀਵਾਲੀ ਵਾਲੇ ਦਿਨ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਜੀ ਇਕ ਦੀਵਾਨ ਹਾਲ ਵਿਚ ਆਪਣੇ ਸਿੰਘਾਸਣ ਪੁਰ ਬਿਰਾਜਮਾਨ ਸਨ ਅਤੇ ਦੂਰ-ਦੂਰ ਤੋਂ ਆਉਣ ਵਾਲੀਆਂ ਸਿੱਖ ਸੰਗਤਾਂ ਵਾਰੀ-ਵਾਰੀ ਸਤਿਗੁਰਾਂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਸਤਿਗੁਰਾਂ ਦੇ ਚਰਨ ਪਰਸਦੀਆਂ ਅਤੇ ਦਰਸ਼ਨ ਦੀਦਾਰ ਕਰਕੇ ਆਪਣੇ ਜਨਮ ਸਫਲ ਕਰਦੀਆ।

ਬਹੁਤੀ ਭੀੜ ਦੇਖ ਕੇ ਗੁਰ-ਦਰਬਾਰ ਦੇ ਸੇਵਾਦਾਰਾਂ ਨੇ ਆਪੇ ਹੀ ਸੰਗਤਾਂ ਨੂੰ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਜਾਣ ਤੋਂ ਰੋਕ ਦਿੱਤਾ।

ਉਹ ਗੁਰਸਿੱਖ ਜੋ ਦੂਰ-ਦੁਰਾਡੇ ਦੇਸ਼ਾਂ ਤੋਂ ਸਤਿਗੁਰਾਂ ਦੇ ਪਾਸ ਆਏ ਸਨ, ਸਤਿਗੁਰਾਂ ਦੇ ਦਰਸ਼ਨਾਂ ਤੋਂ ਬਿਨਾਂ ਬੜਾ ਵਿਆਕੁਲ ਹੋ ਰਹੇ ਸਨ, ਪਰ ਉਨ੍ਹਾਂ ਨੂੰ ਕੋਈ ਰਾਹ ਨਹੀਂ ਸੀ ਲੱਭਦਾ ਕਿ ਉਹ ਸ਼ਹਿਨਸ਼ਾਹ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁੱਜ ਸਕਣ।

Sri Satguru Jagjit Singh Ji eLibrary NamdhariElibrary@gmail.com

ਹਰ ਪਾਸੇ ਕਈ ਪ੍ਰਕਾਰ ਦੀਆਂ ਗੱਲਾਂ ਹੋ ਰਹੀਆਂ ਸਨ ਕਿ ਹੁਣ ਕੀ ਕੀਤਾ ਜਾਏ ? ਪਰ ਵਿਚਾਰਿਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਜਦੋਂ ਸੁਥਰੇ ਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੂੰ ਇਕ ਫੁਰਨਾ ਫੁਰਿਆ ।

ਉਸ ਨੇ ਇਕ ਚਾਦਰ ਵਿਚ ਸਵਾਹ ਦੀ ਇਕ ਪੰਡ ਬੰਨ੍ਹੀ ਅਤੇ ਉਸ ਦੇ ਉਤੋਂ ਦੀ ਇਕ ਸ਼ਾਨਦਾਰ ਫੁਲਕਾਰੀ ਬੰਨ੍ਹ ਲਈ ਸਿਰ ਉਤੇ ਚੁੱਕ ਕੇ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਲਈ ਤੁਰ ਪਿਆ।

ਜਦੋਂ ਉਹ ਸ੍ਰੀ ਅਕਾਲ ਤਖ਼ਤ ਜੀ ਦੇ ਸਾਹਮਣੇ ਪੁੱਜਾ ਤਾਂ ਦੇਖਿਆ ਕਿ ਓਥੇ ਦਰਸ਼ਨ ਅਭਿਲਾਖੀਆਂ ਦੀ ਬੜੀ ਭੀੜ ਸੀ ਅਤੇ ਸੇਵਾਦਾਰ ਸਾਰਿਆਂ ਨੂੰ ਰੋਕਦੇ ਜਾ ਰਹੇ ਸਨ।

ਸੁਥਰਾ ਸਿਰ ਉਤੇ ਸ਼ਾਨਦਾਰ ਪੰਡ ਚੁੱਕ ਕੇ ਅੱਗੇ ਵਧਿਆ ਤਾਂ ਸੇਵਾਦਾਰਾਂ ਨੇ ਉਸ ਨੂੰ ਅੱਗੇ ਜਾਣ ਤੋਂ ਰੋਕਿਆ ।

ਸੁਥਰੇ ਨੇ ਕਿਹਾ ਕਿ ਮੈਂ ਸਿੱਖ ਸੰਗਤਾਂ ਵਿਚ ਫਿਰ ਕੇ ਬਹੁਤ ਸਾਰੀ ਉਗਰਾਹੀ ਕਰਕੇ ਲਿਆਇਆ ਹਾਂ ਅਤੇ ਸਾਰਾ ਮਾਲ ਸਤਿਗੁਰਾਂ ਦੀ ਹਜ਼ੂਰੀ ਵਿਚ ਭੇਟਾ ਕਰਨਾ ਹੈ ।

ਮੇਰਾ ਖਿਆਲ ਹੈ ਕਿ ਜਦੋਂ ਇਹ ਪਦਾਰਥ ਸਤਿਗੁਰਾਂ ਦੀ ਹਜ਼ੂਰੀ ਵਿਚ ਪੇਸ਼ ਕੀਤੇ ਤਾਂ ਮੇਰੇ ਸ਼ਹਿਨਸ਼ਾਹ ਪ੍ਰਸੰਨ ਹੋ ਕੇ ਮੈਨੂੰ ਬਹੁਤ ਸਾਰਾ ਇਨਾਮ ਦੇਣਗੇ, ਇਸ ਲਈ ਤੁਸੀਂ ਮੈਨੂੰ ਅੱਗੇ ਜਾਣ ਤੋਂ ਨਾ ਰੋਕੋ ।

ਸੁਥਰੇ ਦੇ ਇਹ ਬਚਨ ਸੁਣ ਕੇ ਸੇਵਾਦਾਰ ਦੇ ਮੂੰਹ ਵਿਚ ਪਾਣੀ ਭਰ ਆਇਆ ਤੇ ਕਹਿਣ ਲੱਗਾ ਕਿ ਇਕ ਸ਼ਰਤ ਉਤੇ ਮੈਂ ਆਪ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਜਾਣ ਲਈ ਆਗਿਆ ਦੇ ਸਕਦਾ ਹਾਂ, ਕਿ ਆਪ ਨੂੰ ਜੋ ਇਨਾਮ ਮਿਲੇਗਾ, ਉਸ ਵਿਚੋਂ ਅੱਧਾ ਮੈਨੂੰ ਦਿੱਤਾ ਜਾਵੇ।

ਸੁਥਰਾ ਸੇਵਾਦਾਰ ਦੀ ਇਹ ਗੱਲ ਸੁਣ ਕੇ ਸੋਚੀਂ ਪੈ ਗਿਆ। ਅੰਤ ਮੰਨ ਗਿਆ ਕਿ ਮੈਨੂੰ ਜੋ ਇਨਾਮ ਮਿਲੇਗਾ, ਉਸ ਦਾ ਅੱਧ ਤੈਨੂੰ ਜ਼ਰੂਰ ਦਿੱਤਾ ਜਾਵੇਗਾ ।

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਸੇਵਾਦਾਰ ਨੇ ਸੁਥਰੇ ਸ਼ਾਹ ਕੋਲੋਂ ਇਕਰਾਰ ਲੈ ਕੇ ਅੱਗੇ ਜਾਣ ਦਿੱਤਾ। ਅਜੇ ਸੁਥਰਾ ਪੰਜ ਸੱਤ ਕਦਮ ਹੀ ਅੱਗੇ ਵਧਿਆ ਕਿ ਦੂਸਰੇ ਸੇਵਾਦਾਰ ਨੇ ਰੋਕ ਲਿਆ ਕਿ ਭਾਈ ਭੀੜ ਬੜੀ ਹੈ ਤੂੰ ਅੱਗੇ ਨਹੀਂ ਜਾ ਸਕਦਾ।

ਸੁਥਰੇ ਸ਼ਾਹ ਨੇ ਇਸ ਸੇਵਾਦਾਰ ਨੂੰ ਵੀ ਉਹੋ ਹੀ ਗੱਲ ਕਹੀ ਤੇ ਇਸ ਦੇ ਨਾਲ ਵੀ ਉਹੋ ਇਕਰਾਰ ਹੋ ਗਿਆ ਕਿ ਮੀਰੀ-ਪੀਰੀ ਦੇ ਮਾਲਕ ਸ਼ਹਿਨਸ਼ਾਹ ਦੇ ਦਰਬਾਰੋਂ ਜੋ ਇਨਾਮ ਮਿਲੇਗਾ, ਉਸ ਦਾ ਅੱਧ ਉਸ ਸੇਵਾਦਾਰ ਨੂੰ ਵੀ ਦਿੱਤਾ ਜਾਵੇਗਾ। ਇਸ ਤਰ੍ਹਾਂ ਸੁਥਰਾ ਸ਼ਾਹ ਰੋਕਣ ਵਾਲੇ ਸੇਵਾਦਾਰਾਂ ਨੂੰ ਇਨਾਮ ਦੇ ਅੱਧ ਦਾ ਲਾਲਚ ਦੇਂਦਾ ਸੱਤਾਂ ਸੇਵਾਦਾਰਾਂ ਕੋਲੋਂ ਅੱਗੇ ਲੰਘ ਗਿਆ।

ਮੀਰੀ-ਪੀਰੀ ਦੇ ਮਾਲਕ ਸੋਢੀ ਸੁਲਤਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਸਿੰਘਾਸਣ ਉਤੇ ਬਿਰਾਜਮਾਨ ਸਨ। ਆਲੇ-ਦੁਆਲੇ ਕੁਝ ਸੇਵਾਦਾਰ ਖੜ੍ਹੇ ਸਨ ਅਤੇ ਪੰਜ ਛੇ ਸਿੱਖ ਹਜ਼ੂਰ ਦੇ ਪਵਿੱਤਰ ਦੀਦਾਰ ਲਈ ਆਪ ਦੀ ਹਜ਼ੂਰੀ ਵਿਚ ਬਿਰਾਜਮਾਨ ਸਨ।

ਸੁਥਰੇ ਸ਼ਾਹ ਨੇ ਜਾ ਕੇ ਉਹ ਪੰਡ ਇਕ ਪਾਸੇ ਰੱਖ ਦਿੱਤੀ ਅਤੇ ਉਸ ਪੰਡ ਅੱਗੇ ਦੋਵੇਂ ਹੱਥ ਜੋੜ ਕੇ ਉਸ ਦੇ ਅੱਗੇ ਘੜੀ ਮੁੜੀ ਮੱਥਾ ਟੇਕਣ ਲੱਗ ਪਿਆ।

ਸੁਥਰੇ ਦਾ ਇਹ ਕੌਤਕ ਦੇਖ ਕੇ ਸਤਿਗੁਰੂ ਜੀ ਇਹ ਸਮਝ ਗਏ ਕਿ ਅੱਜ ਜ਼ਰੂਰ ਕੋਈ ਭਾਣਾ ਵਰਤਿਆ ਹੈ, ਨਹੀਂ ਤਾਂ ਸੁਥਰਾ ਸ਼ਾਹ ਇਸ ਤਰ੍ਹਾਂ ਪੰਡ ਨੂੰ ਨਮਸਕਾਰ ਕਿਉਂ ਕਰਦਾ ?

ਸ਼ਹਿਨਸ਼ਾਹ ਸਤਿਗੁਰੂ ਜੀ ਨੇ ਪੁੱਛਿਆ, 'ਸੁਥਰਾ ਸ਼ਾਹ! ਇਹ ਕੀ ਕੌਤਕ ਵਰਤਾ ਰਿਹਾ ਹੈਂ ? ਇਸ ਪੰਡ ਵਿਚ ਕੀ ਹੈ, ਜੋ ਘੜੀ ਮੁੜੀ ਇਸ ਦੇ ਅੱਗੇ ਹੱਥ ਜੋੜ ਕੇ ਨਮਸਕਾਰ ਕਰਦਾ ਪਿਆ ਹੈਂ ?'

ਸਤਿਗੁਰਾਂ ਦੇ ਪਿਆਰ ਭਰੇ ਬਚਨ ਸੁਣ ਕੇ ਸੁਥਰਾ ਕਹਿਣ ਲੱਗਾ, ਮੇਰੇ ਪਾਤਸ਼ਾਹ! ਗੁੱਸਾ ਨਾ ਕਰਨਾ, ਇਸ ਪੰਡ ਦੇ ਸਦਕੇ ਹੀ ਮੈਂ ਆਪ

Sri Satguru Jagjit Singh Ji eLibrary NamdhariElibrary@gmail.com

ਦੀ ਹਜ਼ੂਰੀ ਵਿਚ ਆ ਸਕਿਆ ਹਾਂ। ਜੇਕਰ ਮੈਂ ਆਪ ਦਾ ਨਾਂ ਲੈਂਦਾ ਤਾਂ ਮੈਨੂੰ ਕੋਈ ਵੀ ਏਥੋਂ ਤਕ ਨਾ ਆਉਣ ਦੇਂਦਾ। ਮੇਰੇ ਸ਼ਹਿਨਸ਼ਾਹ ਕਿਸੇ ਮਹਾਂਪੁਰਖ ਦੇ ਬਚਨ ਹਨ :

*ਗੁਰੂ ਗੋਬਿੰਦ ਦੋਨੋ ਖੜ੍ਹੇ ਕਿਸ ਕੇ ਲਾਗੋਂ ਪਾਇ।*
*ਬਲਿਹਾਰੀ ਗੁਰ ਆਪਣੇ, ਜਿਸ ਗੋਬਿੰਦ ਦੀਆ ਮਿਲਾਇ।*

ਸੋ ਮੈਂ ਇਸ ਪੰਡ ਦੇ ਬਲਿਹਾਰੇ ਜਾਂਦਾ ਹਾਂ, ਜਿਸ ਦੀ ਕਿਰਪਾ ਨਾਲ ਆਪ ਦੇ ਪਵਿੱਤਰ ਦਰਸ਼ਨ ਹੋ ਗਏ ਹਨ। ਮੈਂ ਇਸ ਪੰਡ ਦਾ ਅਹਿਸਾਨ ਕਦੀ ਨਹੀਂ ਭੁੱਲ ਸਕਦਾ, ਜਿਸ ਦੀ ਕਿਰਪਾ ਨਾਲ ਇਸ ਨਾਚੀਜ਼ ਨੂੰ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਤੱਕ ਪੁੱਜਣ ਦਾ ਮੌਕਾ ਮਿਲਿਆ ਹੈ।

ਸਤਿਗੁਰੂ ਜੀ ਘਟ-ਘਟ ਦੇ ਜਾਨਣਹਾਰ ਸਨ, ਸਮਝ ਗਏ ਕਿ ਸਿੱਖ ਸੰਗਤਾਂ ਨੂੰ ਸਾਡੇ ਤਕ ਆਉਣ ਨਹੀਂ ਦਿੱਤਾ ਜਾ ਰਿਹਾ, ਸੁਥਰੇ ਨੇ ਤਾਂ ਇਹ ਕੌਤਕ ਰਚਿਆ ਹੈ। ਫੇਰ ਹੱਸ ਕੇ ਪੁੱਛਣ ਲੱਗੇ, 'ਸੁਥਰਿਆ! ਇਸ ਪੰਡ ਵਿਚ ਹੈ ਕੀ, ਜਿਸ ਦੀ ਕਿਰਪਾ ਨਾ ਤੂੰ ਏਥੇ ਪਹੁੰਚਾ ਹੈਂ ?'

'ਸਵਾਹ ਸੱਤਾਂ ਚੁਲ੍ਹਿਆਂ ਦੀ, ਇਹਦੇ ਵਿਚ ਹੋਰ ਕੀ ਹੋਣਾ ਏਂ, ਪਰ ਇਹਦੀ ਕਿਰਪਾ ਮੇਰੇ ਉਤੇ ਬੜੀ ਹੋਈ ਏ।' ਸੁਥਰੇ ਨੇ ਕਿਹਾ।

ਇਹ ਕਹਿ ਕੇ ਇਸ ਪੰਡ ਤੋਂ ਫੁਲਕਾਰੀ ਲਾਹੀ ਤੇ ਅੰਦਰੋਂ ਸਵਾਹ ਦੀ ਪੰਡ ਖੋਲ੍ਹੀ। ਮੁੱਠਾਂ ਭਰ ਕੇ ਸਵਾਹ ਉਡਾਉਣ ਲੱਗਾ ਤੇ ਸਵਾਹ ਨੂੰ ਮੱਥਾ ਟੇਕਣ ਲੱਗਾ।

ਸਤਿਗੁਰਾਂ ਨੇ ਇਕ ਸੇਵਾਦਾਰ ਨੂੰ ਹੁਕਮ ਕੀਤਾ ਕਿ ਇਸ ਨੂੰ ਇਸ ਤਰ੍ਹਾਂ ਕਰਨ ਤੋਂ ਹਟਾਓ ਤੇ ਇਸ ਸ਼ਰਾਰਤ ਬਦਲੇ ਇਸ ਨੂੰ ਸੌ ਜੁੱਤੀ ਮਾਰੋ।

ਸੁਥਰਾ ਹੱਥ ਜੋੜ ਕੇ, ਆਪਣੇ ਗਲ ਵਿਚ ਪੱਲਾ ਪਾ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਖਲੋ ਕੇ ਬੇਨਤੀ ਕਰਨ ਲੱਗਾ, ਮੇਰੇ ਪਾਤਸ਼ਾਹ! ਆਪ ਦੀ ਬੜੀ ਕਿਰਪਾ ਹੈ, ਜੋ ਆਪ ਨੇ ਇਸ ਦਾਸ ਨੂੰ ਇਸ ਸੇਵਾ ਬਦਲੇ

ਇਹ ਇਨਾਮ ਦੇਣ ਦਾ ਹੁਕਮ ਕੀਤਾ ਹੈ। ਇਸ ਇਨਾਮ ਵਿਚ ਮੇਰੇ ਹੋਰ ਵੀ ਭਾਈਵਾਲ ਹਨ।

ਮੈਂ ਅਮਾਨਤ ਵਿਚ ਖਿਆਨਤ ਨਹੀਂ ਕਰਨਾ ਚਾਹੁੰਦਾ, ਉਹ ਮੇਰੇ ਭਾਈਵਾਲਾਂ ਦਾ ਹਿੱਸਾ ਪਹਿਲੋਂ ਦਿੱਤਾ ਜਾਵੇ, ਜੋ ਬਾਕੀ ਬਚੇ ਉਹ ਮੈਂ ਲੈਣ ਦਾ ਹੱਕਦਾਰ ਹੋਵਾਂਗਾ।

ਇਸ ਦਾ ਮਤਲਬ ! ਇਨਾਮ ਕਿਹਾ ? ਅਸੀਂ ਤੇ ਸੌ ਜੁੱਤੀਆਂ ਮਾਰਨ ਦਾ ਹੁਕਮ ਕੀਤਾ ਹੈ, ਇਨਾਮ ਤੇ ਕੋਈ ਨਹੀਂ ਦਿੱਤਾ ਜਾ ਰਿਹਾ। ਸਤਿਗੁਰਾਂ ਨੇ ਫੁਰਮਾਇਆ।

'ਜੀ ਹਾਂ ਮੇਰੇ ਪਾਤਸ਼ਾਹ ! ਆਪ ਦੀ ਹਜ਼ੂਰੀ ਵਿਚੋਂ ਜੋ ਵੀ ਮਿਲ ਰਿਹਾ ਹੈ, ਇਸ ਨਾਚੀਜ਼ ਸੇਵਕ ਦੇ ਧੰਨ ਭਾਗ ਹਨ, ਪਰ ਇਸ ਵਿਚ ਵੀ ਮੇਰੇ ਭਾਈਵਾਲ ਹਨ।

ਸੁਥਰੇ ਨੇ ਬੇਨਤੀ ਕੀਤੀ, 'ਮਹਾਰਾਜ ! ਜੋ ਸੇਵਾਦਾਰ ਸਿੱਖ ਸੰਗਤਾਂ ਨੂੰ ਰੋਕਦੇ ਹਨ, ਉਨ੍ਹਾਂ ਨੇ ਇਸ ਦਾਸ ਨੂੰ ਵੀ ਰੋਕਿਆ, ਪਰ ਮੈਂ ਇਕਰਾਰ ਕੀਤਾ ਕਿ ਜੋ ਇਨਾਮ ਮਿਲੇਗਾ ਉਸ ਦਾ ਅੱਧ ਪਹਿਲੇ ਸੇਵਾਦਾਰ ਭਾਈ ਮਹਿੰਗੇ ਨੂੰ ਜ਼ਰੂਰ ਮਿਲੇਗਾ।

ਸੋ ਪੰਜਾਹ ਜੁੱਤੀਆਂ ਤੇ ਉਸ ਨੂੰ ਮਿਲਣੀਆਂ ਚਾਹੀਦੀਆਂ ਹਨ। ਬਾਕੀ ਅੱਧੀਆਂ ਵਿਚੋਂ ਪੰਝੀਆਂ ਦਾ ਇਕਰਾਰ ਦੂਜੇ ਸੇਵਾਦਾਰ ਨਾਲ ਹੋਇਆ ਸੀ, ਸੋ ਪੰਝੀ ਉਸ ਨੂੰ ਦਿੱਤੀਆ ਜਾਣ।

ਬਾਕੀ ਪੰਝੀਆਂ ਵਿਚੋਂ ਅੱਧੀਆਂ ਜਾਂ ਬੇਸ਼ੱਕ ਤੇਰਾਂ ਤੀਸਰੇ ਨੂੰ ਮਾਰੀਆਂ ਜਾਣ। ਬਾਕੀ ਜੋ ਬਾਰਾਂ ਬਚਣ ਉਨ੍ਹਾਂ ਵਿਚੋਂ ਛੇ ਚੌਥੇ ਨੂੰ ਮਾਰੀਆਂ ਜਾਣ।

ਜੋ ਬਾਕੀ ਬਚਣ, ਉਨ੍ਹਾਂ ਦਾ ਅੱਧ ਅਰਥਾਤ ਤਿੰਨ ਜੁੱਤੀਆਂ ਪੰਜਵੇਂ ਨੂੰ ਮਾਰੀਆਂ ਜਾਣ। ਬਾਕੀ ਤਿੰਨਾਂ ਵਿਚੋਂ ਬੇਸ਼ੱਕ ਦੋ ਛੇਵੇਂ ਨੂੰ ਤੇ ਬਾਕੀ ਇਕ ਰਹੇ ਉਹ ਸਤਵੇਂ ਨੂੰ ਮਾਰੀ ਜਾਵੇ।

ਸ਼ਹਿਨਸ਼ਾਹ ! ਮੈਂ ਉਨ੍ਹਾਂ ਨਾਲ ਇਕਰਾਰ ਕਰਕੇ ਏਥੋਂ ਤਕ ਪਹੁੰਚ ਸਕਿਆ ਹਾਂ। ਜੇਕਰ ਇਨ੍ਹਾਂ ਨੂੰ ਹਜ਼ੂਰ ਵੱਲੋਂ ਮਿਲੇ ਇਨਾਮ ਦੇ ਅੱਧ

Sri Satguru Jagjit Singh Ji eLibrary NamdhariElibrary@gmail.com

ਦਾ ਇਕਰਾਰ ਨਾ ਕਰਦਾ ਤਾਂ ਏਥੋਂ ਤਕ ਆ ਹੀ ਨਾ ਸਕਦਾ, ਸੋ ਮੈਂ ਬੇਈਮਾਨ ਨਹੀਂ ਬਣਨਾ ਚਾਹੁੰਦਾ, ਇਸ ਇਨਾਮ ਦੀ ਵੰਡ ਇਸ ਹਿਸਾਬ ਨਾਲ ਕਰ ਦਿਉ ਤਾਂ ਸਿੱਖ ਸੰਗਤਾਂ ਨੂੰ ਸਹੂਲਤ ਹੋ ਜਾਵੇਗੀ।

ਮੀਰੀ-ਪੀਰੀ ਦੇ ਮਾਲਕ ਸੁਥਰੇ ਦੇ ਇਹ ਬਚਨ ਸੁਣ ਕੇ ਮੁਸਕ੍ਰਾਏ। ਉਨ੍ਹਾਂ ਸੇਵਾਦਾਰਾਂ ਨੂੰ ਸੱਦ ਕੇ ਤਾੜਨਾ ਕੀਤੀ ਕਿ ਗੁਰ-ਦਰਬਾਰ ਵਿਚ ਆਉਣ ਤੋਂ ਕਿਸੇ ਨੂੰ ਵੀ ਰੋਕਿਆ ਨਾ ਜਾਵੇ, ਸਗੋਂ ਸਿੱਖ ਸੰਗਤਾਂ ਸਰਬੱਤ ਮਾਈਂ ਭਾਈ ਨੂੰ ਕਤਾਰਾਂ ਵਿਚ ਕਰਕੇ ਗੁਰੂ ਨਾਨਕ ਦੇ ਦਰਬਾਰ ਵਿਚ ਖੁਲ੍ਹਮ-ਖੁਲ੍ਹੇ ਤੌਰ 'ਤੇ ਆਉਣ ਦਿੱਤਾ ਜਾਵੇ।

ਸ਼ਹਿਨਸ਼ਾਹ ਦੇ ਇਸ ਹੁਕਮ ਅਨੁਸਾਰ ਗੁਰਸਿੱਖਾਂ ਦੇ ਰਾਹ ਦੀ ਹਰ ਪ੍ਰਕਾਰ ਦੀ ਔਕੜ ਦੂਰ ਹੋ ਗਈ ਤੇ ਦੂਰੋਂ ਆਈਆਂ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਦੀਦਾਰ ਹੋ ਗਏ।

ਸਾਰੇ ਗੁਰਸਿੱਖ ਸੁਥਰੇ ਸ਼ਾਹ ਦੇ ਇਸ ਪਰਉਪਕਾਰ ਦੀ ਸ਼ਲਾਘਾ ਕਰਨ ਲੱਗੇ।

***

Sri Satguru Jagjit Singh Ji eLibrary NamdhariElibrary@gmail.com

੮

# ਸੁਥਰਾ ਸ਼ਾਹ ਦਿੱਲੀ ਵਿਚ

ਜਦੋਂ ਸ੍ਰੀ ਗੁਰੁ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਸੁਥਰੇ ਸ਼ਾਹ ਨੇ ਇਸ ਤਰ੍ਹਾਂ ਦੇ ਕਈ ਕੌਤਕ ਕੀਤੇ ਤਾਂ ਇਕ ਦਿਨ ਸਤਿਗੁਰਾਂ ਨੇ ਇਸ ਨੂੰ ਆਪਣੀ ਹਜ਼ੂਰੀ ਵਿਚ ਬੁਲਾਇਆ ਤੇ ਕਿਹਾ ਕਿ ਦਿੱਲੀ ਦਾ ਮੁਗ਼ਲ ਬਾਦਸ਼ਾਹ ਜਹਾਂਗੀਰ ਸਾਡਾ ਪਰਮ ਮਿੱਤਰ ਹੈ।

ਉਸ ਨੇ ਦਰਸ਼ਨਾਂ ਲਈ ਸਾਨੂੰ ਬੁਲਾ ਭੇਜਿਆ ਹੈ। ਇਸ ਵੇਲੇ ਏਥੇ ਸਤਿਗੁਰਾਂ ਦੇ ਦਰਬਾਰ ਵਿਚ ਦੂਰੋਂ-ਦੂਰੋਂ ਸਿੱਖ ਸੰਗਤਾਂ ਆ ਰਹੀਆਂ ਹਨ, ਇਸ ਲਈ ਸਾਡਾ ਦਿੱਲੀ ਜਾਣਾ ਠੀਕ ਨਹੀਂ ਹੋਵੇਗਾ।

ਸੋ ਤੁਸੀਂ ਦਿੱਲੀ ਜਾਓ ਤੇ ਜਹਾਂਗੀਰ ਬਾਦਸ਼ਾਹ ਪਾਸ ਸਾਡਾ ਇਹ ਸਨੇਹਾ ਪਹੁੰਚਾ ਦਿਉ। ਸੁਥਰੇ ਨੇ ਸਤਿਗੁਰਾਂ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਅਗਿਆ ਲੈ ਕੇ ਤੁਰ ਪਿਆ।

ਰਸਤੇ ਵਿਚ ਵੱਖ-ਵੱਖ ਮੰਜਲਾਂ 'ਤੇ ਵੱਖ-ਵੱਖ ਸ਼ਹਿਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਜਸ ਗਾਉਂਦਾ, ਪ੍ਰਚਾਰ ਕਰਦਾ ਜਦੋਂ ਸੁਥਰਾ ਕਰਨਾਲ ਪਹੁੰਚਾ ਤਾਂ ਪਤਾ ਲੱਗਾ ਕਿ ਕਰਨਾਲ ਦੇ ਸੇਠ ਹੀਰਾ ਲਾਲ ਨੇ ਆਪਣੇ ਪੁੱਤਰ ਦਾ ਵਿਆਹ ਬੜੀ ਧੂਮ-ਧਾਮ ਨਾਲ ਕੀਤਾ ਹੈ। ਹੀਰਾ ਲਾਲ ਦਾ ਭਰਾ ਭਾਈ ਕਰਮ ਚੰਦ ਸਤਿਗੁਰਾਂ ਦੇ ਦਰਬਾਰ ਦਾ ਬੜਾ ਸ਼ਰਧਾਲੂ ਸਿੱਖ ਸੀ।

ਇਹ ਨਾਮ ਦੇ ਸਿਮਰਨ ਵਿਚ ਲੀਨ ਰਹਿੰਦਾ ਸੀ ਤੇ ਇਸ ਦੀ ਰਹਿਣੀ ਬਹਿਣੀ ਵੀ ਬੜੀ ਸਾਧਾਰਣ ਸੀ, ਜਿਸ ਕਰਕੇ ਹੀਰਾ ਲਾਲ ਨੇ ਇਸ

Sri Satguru Jagjit Singh Ji eLibrary NamdhariElibrary@gmail.com

ਨੂੰ ਆਪਣੇ ਪੁੱਤਰ ਦੇ ਵਿਆਹ 'ਤੇ ਨਹੀਂ ਸੀ ਸੱਦਿਆ।

ਜਦੋਂ ਸੁਥਰਾ ਸ਼ਾਹ ਕਰਨਾਲ ਪਹੁੰਚਾ ਤਾਂ ਇਸ ਨੂੰ ਇਸ ਵਿਆਹ ਦਾ ਪਤਾ ਲੱਗਾ ਤੇ ਇਹ ਸਿੱਧਾ ਸੇਠ ਹੀਰਾ ਲਾਲ ਦੇ ਮਕਾਨ 'ਤੇ ਗਿਆ ਤੇ ਜਾਂਦਿਆਂ ਹੀ 'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ" ਦਾ ਵਾਕ ਉਚਾਰਦਾ ਹੋਇਆ ਅੱਗੇ ਵਧਿਆ।

ਸੇਠ ਹੀਰਾ ਲਾਲ ਨੇ ਸੋਚਿਆ ਕਿ ਸ਼ਾਇਦ ਕੋਈ ਫਕੀਰ ਅਸੀਸ ਦੇਣ ਲਈ ਅਤੇ ਵਧਾਈ ਦੇ ਕੇ ਕੁਝ ਮੰਗਣ ਲਈ ਆਇਆ ਹੈ, ਇਸ ਲਈ ਆਪਣੇ ਮਨੀਮ ਰਾਹੀਂ ਅਖਵਾ ਦਿੱਤਾ ਕਿ ਸੇਠ ਜੀ ਇਸ ਵੇਲੇ ਵਿਹਲੇ ਨਹੀਂ ਫੇਰ ਆਉਣਾ, ਵਿਆਹ ਦੀ ਥਕਾਵਟ ਕਰਕੇ ਉਹ ਕੁਝ ਢਿੱਲੇ ਵੀ ਹਨ।

ਸੁਥਰੇ ਨੇ ਕਿਹਾ, ਭਾਈ ਜੇ ਉਹ ਢਿਲੇ ਹਨ ਤਾਂ ਅਸੀਂ ਆਏ ਹਾਂ ਉਹਨਾਂ ਦੀਆਂ ਮੁਸ਼ਕਾਂ ਕੱਸ ਆਈਏ। ਉਹਨਾਂ ਨੇ ਬੜੀ ਅਵੱਗਿਆ ਕੀਤੀ ਹੈ ਤੇ ਅਹੰਕਾਰ ਵਿਚ ਐਨੇ ਮਸਤ ਹੋ ਗਏ ਸਨ ਕਿ ਆਪਣੇ ਭਰਾ ਨੂੰ ਵੀ ਭੁੱਲ ਗਏ। ਉਹਨਾਂ ਨੂੰ ਇਹ ਪਤਾ ਨਹੀਂ ਕਿ ਭਰਾਵਾਂ ਬਿਨਾਂ ਸ਼ੋਭਾ ਨਹੀਂ ਹੁੰਦੀ।

ਮੁਨੀਮ ਨੇ ਇਹ ਸ਼ਬਦ ਸੇਠ ਹੋਰਾਂ ਨੂੰ ਜਾ ਕਹੇ ਕਿ ਆਉਣ ਵਾਲਾ ਫਕੀਰ ਇਹ ਬਚਨ ਕਹਿ ਰਿਹਾ ਹੈ। ਸੇਠ ਨੇ ਸਮਝਿਆ ਕਿ ਸ਼ਾਇਦ ਉਸ ਦੇ ਭਰਾ ਨੇ ਇਸ ਨੂੰ ਭੇਜਿਆ ਹੈ।

ਇਸ ਲਈ ਉਹਨਾਂ ਨੇ ਅਖਵਾ ਭੇਜਿਆ ਕਿ ਭਾਈ! ਕਰਮ ਚੰਦ ਨੂੰ ਤਾਂ ਫਕੀਰ ਤੇ ਮੰਗਤੇ ਹੀ ਚੰਗੇ ਲੱਗਦੇ ਹਨ, ਉਹ ਸਾਡੇ ਨਾਲ ਕਿਥੋਂ ਤੁਰਦਾ ਹੈ। ਇਸ ਲਈ ਉਸ ਦਾ ਸਾਡੇ ਨਾਲ ਬਰ ਨਹੀਂ ਮਿਚਦਾ।

ਮੁਨੀਮ ਕੋਲੋਂ ਇਹ ਬਚਨ ਸੁਣ ਕੇ ਸੁਥਰਾ ਬਦੋ-ਬਦੀ ਅੱਗੇ ਵਧ ਗਿਆ ਤੇ ਸੇਠ ਹੀਰਾ ਲਾਲ ਦੇ ਸਾਹਮਣੇ ਜਾ ਕੇ ਬਹਿ ਗਿਆ ਤੇ ਅੱਖਾਂ ਬੰਦ ਕਰ ਲਈਆਂ। ਸੇਠ ਨੇ ਕਿਹਾ, ਮਹਾਰਾਜ! ਬੋਲੋ, ਕੀ ਚਾਹੁੰਦੇ ਹੋ ? ਜੇ ਕੁਝ ਲੈਣ ਆਏ ਹੋ ਤਾਂ ਦੱਸੋ, ਅਸੀਂ ਵਿਆਹ ਉਤੇ ਅੱਗੇ ਬਹੁਤ

Sri Satguru Jagjit Singh Ji eLibrary NamdhariElibrary@gmail.com

ਕੁਝ ਖਰਚ ਕੀਤਾ ਹੈ, ਜੇ ਫੇਰ ਕਦੇ ਆਉਂਦੇ ਤਾਂ ਤੁਹਾਡੀ ਸੇਵਾ ਵੀ ਕਰ ਛੱਡਦੇ।

ਸੁਥਰਾ ਹੱਸ ਪਿਆ ਤੇ ਕਹਿਣ ਲੱਗਾ ਸ਼ਾਹ ਜੀ ਸ਼ਾਹ ਜੀ ! ਅਸੀਂ ਮੰਗਤੇ ਨਹੀਂ, ਅਸੀਂ ਸੱਚੇ ਪਾਤਸ਼ਾਹ ਦੇ ਦਰਬਾਰੀ ਹਾਂ ਤੇ ਧਰਮ ਰਾਜ ਦੀ ਥਾਂ ਹੰਕਾਰੀਆਂ ਨੂੰ ਦੰਡ ਦੇ ਕੇ ਸਿੱਧਾ ਕਰ ਦਿਖਾਉਣ ਆਏ ਹਾਂ।

ਤੁਸੀਂ ਸਮਝਦੇ ਹੋ ਕੇ ਅਸੀਂ ਬੜੇ ਧਨਾਢ ਹਾਂ ਤੇ ਪੁੱਤਰ ਦੇ ਵਿਆਹ ਉਤੇ ਕਈ ਹਜ਼ਾਰ ਖਰਚ ਕੀਤੇ ਹਨ ਤੇ ਵਾਹ ! ਵਾਹ ! ਕਰਵਾ ਲਈ ਹੈ, ਪਰ ਯਾਦ ਰੱਖੋ, ਸੱਚੇ ਪਾਤਸ਼ਾਹ ਦੇ ਦਰਬਾਰ ਵੱਲੋਂ ਤੁਸੀਂ ਸੁਰਖਰੂ ਨਹੀਂ ਹੋ ਸਕਦੇ। ਕੀ ਹੋ ਗਿਆ ਜੇ :-

ਘਰ ਦੀ ਧਾੜ ਵਧਾਇਕੇ ਨਾਉਂ ਰਖਾਇਓ ਜੰਞ।
ਜਿਉਂ-ਜਿਉਂ ਝੁਗਾ ਉਜੜੇ ਤਿਉਂ-ਤਿਉਂ ਕਹੀਏ ਧੰਨ।
ਆਈ ਰੰਨ ਤੇ ਹੋਏ ਕੰਨ।
ਲੋਕਾਂ ਆਖਿਆ ਔਂਡਿਆ ਘਰ।
ਹੋਇਆ ਵੰਨੀ ਸੰਦਾ ਵਰ।
ਜਿਉਂ ਜਿਉਂ ਲੱਗਣ ਕੁਟੰਬ ਦੀਆਂ ਲੀਕਾਂ।
ਦੇ ਦੇ ਰੈਸੋਂ ਉਚੀਆਂ ਡੀਕਾਂ।
ਢੋਲ ਵਜੇ ਘਰ ਲੁਟੀਏ ਲੋਕ ਜਾਣੈ ਵਿਆਹੁ।
ਸਾਹਿਬ ਅਰਥ ਨਾ ਬੀਜਓ ਹੋਇਓ ਮੁਖ ਸਿਆਹੁ।
ਜਿਸ ਵੇਲੇ ਲੇਖਾ ਮੰਗੀਐ ਗਲਿ ਪਲੂ ਮੂੰਹ ਘਾਹੁ।
ਰਾਹੋਂ ਘੁਥੇ ਸੁਥਰਿਆ ਤਿੰਨਾਂ ਨੂੰ ਵੱਡਾ ਦਾਹੁ।
ਧੀਆਂ ਧਾੜ ਤੇ ਪੁੱਤਰ ਫਾਹ ਰੰਨ ਦੁੱਖਾਂ ਦਾ ਖੂਹ।
ਇਸ ਘਾਣੀ 'ਚੋਂ ਸੁਥਰਿਆ ਕੋਈ ਹਰਿ ਜਨੁ ਕਢੇ ਧੂਹ।

ਸੇਠ ਜੀ ! ਕਦੀ ਉਹ ਵੇਲਾ ਵੀ ਯਾਦ ਕੀਤਾ ਜੇ। ਜਦੋਂ :-

ਓਥੇ ਤ੍ਰੀਮਤ ਰਹੀ ਖੜੋਤੀਆਂ, ਪੁੱਤਰ ਤੇ ਭਾਈ।
ਹਸਤੀ, ਘੋੜੇ, ਮਾਲ, ਧੰਨ, ਕੁਛ ਨਾਲ ਨਾ ਜਾਈ।

Sri Satguru Jagjit Singh Ji eLibrary NamdhariElibrary@gmail.com

ਤਦਹੂੰ ਸਿਮਰਿਆ ਦੇਵੀ ਦੇਵਤਾ, ਕੌਣ ਹੋਇ ਸਹਾਈ ।
ਜਿਸ ਪਹਿਲਾਂ ਮੂਲ ਨਾ ਚੇਤਿਓ, ਹੁਣ ਬਣੇ ਨਾ ਕਾਈ ।
ਉਹ ਦੇਖੋ ਜੀ ! ਮਨਮੁੱਖ ਮਾਰੀਅਨ, ਬਹੁ ਲਏ ਸਜਾਈ ।

ਸੁਥਰੇ ਦੇ ਇਹ ਬਚਨ ਸੁਣ ਕੇ ਸੇਠ ਜੀ ਕੁਝ ਢਿੱਲੇ ਪੈ ਗਏ, ਸੁਥਰੇ ਨੇ ਕਿਹਾ, ਸੇਠ ਜੀ ! ਕੁਝ ਭਰਾ ਦਾ ਵੀ ਖਿਆਲ ਜੇ ? ਕੁਝ ਰੱਬ ਦਾ ਵੀ ਖਿਆਲ ਜੇ ? ਕੁਝ ਧਰਮ ਦਾ ਵੀ ਖਿਆਲ ਜੇ ? ਅੱਗੇ ਪਿਛੇ ਦਾ ਵੀ ਖਿਆਲ ਜੇ ? ਅਸੀਂ ਮੰਗਤੇ ਨਹੀਂ ।

ਸੁਤਿਆਂ ਨੂੰ ਹਲੂਣਾ ਦੇ ਕੇ ਜਗਾਉਣ ਵਾਲੇ ਹਾਂ, ਅਸਾਂ ਆਪ ਨੂੰ ਜਗਾ ਕੇ ਸੋਝੀ ਦਿਵਾ ਦਿੱਤੀ ਹੈ । ਇਹ ਯਾਦ ਰੱਖੋ, ਦੀਵਾ ਜਗਾਇਆ ਹੈ, ਕਿਤੇ ਬੁਝ ਨਾ ਜਾਏ ।

ਸੇਠ ਜੀ ਸੁਥਰੇ ਸ਼ਾਹ ਦੇ ਇਹ ਬਚਨ ਸੁਣ ਕੇ ਘਬਰਾ ਗਏ, ਹੱਥ ਜੋੜ ਕੇ ਬੇਨਤੀ ਕੀਤੀ, ਜੋ ਹੁਕਮ ਕਰੋ, ਉਸੇ ਤਰ੍ਹਾਂ ਕੀਤਾ ਜਾਵੇ । ਅੰਦਰੋਂ ਇਕੋਤਰ ਸੌ ਰੁਪਿਆ ਲਿਆ ਕੇ ਸੁਥਰੇ ਸ਼ਾਹ ਦੇ ਅੱਗੇ ਰੱਖਿਆ ।

ਸੁਥਰੇ ਸ਼ਾਹ ਨੇ ਕਿਹਾ, ਸੇਠ ਜੀ ! ਸਾਨੂੰ ਇਕੋ ਦਮੜਾ ਲੈਣ ਦਾ ਹੁਕਮ ਹੈ । ਬਾਕੀ ਤੁਸੀਂ ਲੰਗਰ ਲਵਾ ਦਿਉ । ਆਪਣੇ ਭਰਾ ਦੀ ਵੀ ਸੇਵਾ ਕਰੋ । ਵੰਡ ਕੇ ਛਕੋ ! ਗੁਰੂ ਨਾਨਕ ਬਰਕਤ ਪਾਵੇਗਾ ।

*'ਹਰਿ ਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ।'*

ਕਹਿ ਕੇ ਇਕ ਦਮੜਾ ਲੈ ਕੇ ਸੁਥਰਾ ਸ਼ਾਹ ਤੁਰ ਗਿਆ । ਉਸ ਦੇ ਜਾਣ ਮਗਰੋਂ ਸੇਠ ਹੋਰੀ ਬੀਮਾਰ ਪੈ ਗਏ । ਉਨ੍ਹਾਂ ਨੂੰ ਸੁਥਰੇ ਸ਼ਾਹ ਦੇ ਉਹ ਬਚਨ ਮੁੜ-ਮੁੜ ਯਾਦ ਆਉਣ । ਇਸ ਡਰ ਨਾਲ ਉਨ੍ਹਾਂ ਨੇ ਆਏ ਗਏ ਮੁਸਾਫਰਾਂ ਲਈ ਲੰਗਰ ਲਵਾ ਦਿੱਤੇ । ਹੌਲੀ-ਹੌਲੀ ਰੋਗ ਦੂਰ ਹੋਣ ਲੱਗਾ ਤੇ ਇੱਕੀਵੇਂ ਦਿਨ ਜਾ ਕੇ ਆਰਾਮ ਪਾਇਆ ।

ਕਰਨਾਲੋਂ ਚੱਲ ਕੇ ਸੁਥਰਾ ਸ਼ਾਹ ਦਿੱਲੀ ਪਹੁੰਚਾ । ਦਿੱਲੀ ਜਾ ਕੇ ਉਸ ਨੇ ਇਕ ਵੱਡੀ ਸਾਰੀ ਤਿਲੇ ਦੀ ਸ਼ਾਨਦਾਰ ਜੁੱਤੀ ਬਣਵਾਈ ਅਤੇ ਉਸ ਜੁੱਤੀ ਦਾ ਇਕ ਪੈਰ ਲੁਕਾ ਕੇ ਦਿੱਲੀ ਦੀ ਜਾਮਾ ਮਸਜਿਦ ਵਿਚ

Sri Satguru Jagjit Singh Ji eLibrary NamdhariElibrary@gmail.com

ਉਸ ਹੌਜ ਕੋਲ ਰੱਖ ਆਇਆ, ਜਿਥੋਂ ਨਿਮਾਜ਼ ਪੜ੍ਹਣ ਆਏ ਮੁਸਲਮਾਨ ਪਾਣੀ ਲੈ ਕੇ ਵੁਜ਼ੂ ਕਰਦੇ ਸਨ। ਨਿਮਾਜ਼ੀਆਂ ਨੇ ਦੇਖਿਆ ਕਿ ਉਸ ਹੌਜ਼ ਕੋਲ ਤਿਲੇ ਦੀ ਜੁੱਤੀ ਦਾ ਇਕ ਸ਼ਾਨਦਾਰ ਪੈਰ ਪਿਆ ਹੈ, ਹੈ ਵੀ ਬਿਲਕੁਲ ਨਵਾਂ ਤੇ ਬਹੁਤ ਵੱਡਾ।

ਸ਼ਾਇਦ ਰਸੂਦ ਅੱਲਾ ਹਜ਼ਰਤ ਸਾਹਿਬ ਦੇ ਚਰਨਾਂ ਦੀ ਜੁੱਤੀ ਨਾ ਹੋਵੇ। ਇਕ ਮੌਲਵੀ ਨੇ ਕਿਹਾ ਕਿ ਮੈਨੂੰ ਸੁਪਨਾ ਆਇਆ ਸੀ ਕਿ ਹਜ਼ਰਤ ਮੁਹੰਮਦ ਸਾਹਿਬ ਆਪ ਜਾਮਾ ਮਸਜਿਦ ਵਿਚ ਤਸ਼ਰੀਫ ਲਿਆਏ ਸਨ ਤੇ ਉਨ੍ਹਾਂ ਨੇ ਆਪਣੇ ਉਤਮੀਆਂ ਨੂੰ ਸਫ਼ਾਇਤ ਬਖਸ਼ੀ ਸੀ। ਸ਼ਾਇਦ ਇਹ ਜੁੱਤੀ ਦਾ ਇਕ ਪੈਰ ਹਜ਼ਰਤ ਸਾਹਿਬ ਜੀ ਛੱਡ ਗਏ ਹਨ।

ਬੱਸ ਮੌਲਵੀ ਸਾਹਿਬ ਦੇ ਕਹਿਣ 'ਤੇ ਆਮ ਮੁਸਲਮਾਨ ਮੰਨ ਗਏ ਕਿ ਉਹ ਜੁੱਤੀ ਦਾ ਇਕ ਪੈਰ ਹਜ਼ਰਤ ਸਾਹਿਬ ਰਸੂਲ ਅੱਲਾ ਦੀ ਹੀ ਜੱਤੀ ਦਾ ਹੀ ਹੋ ਸਕਦਾ ਹੈ, ਇਸ ਲਈ ਜੁੱਤੀ ਦੇ ਉਸ ਪੈਰ ਦੀ ਬੜੀ ਮਾਨਤਾ ਹੋਣ ਲੱਗ ਪਈ।

ਲੋਕ ਆ ਆ ਕੇ ਦੀਦਾਰ ਕਰਨ ਲੱਗੇ ਤੇ ਉਸ ਜੁੱਤੀ ਦੇ ਪੈਰ ਨੂੰ ਮੱਥਾ ਟੇਕਣ ਲੱਗੇ। ਜਦੋਂ ਇਸ ਗੱਲ ਨੂੰ ਇਕ ਸਾਲ ਬੀਤ ਗਿਆ। ਸਾਰੇ ਸ਼ਹਿਰ ਵਿੱਚ ਧੁੰਮ ਪੈ ਗਈ ਕਿ ਉਹ ਹਜ਼ਰਤ ਸਾਹਿਬ ਦੀ ਜੁੱਤੀ ਦਾ ਹੀ ਇਕ ਪੈਰ ਸੀ।

ਹੁਣ ਸੁਥਰੇ ਨੂੰ ਇਕ ਮਖੌਲ ਸੁਝਾ। ਉਸ ਜੁੱਤੀ ਦਾ ਦੂਸਰਾ ਪੈਰ ਇਕ ਡਾਂਗ ਉਤੇ ਟੰਗ ਲਿਆ ਅਤੇ ਸ਼ਹਿਰ ਦੇ ਬਜ਼ਾਰਾਂ ਵਿਚ ਫਿਰਨ ਲੱਗਾ।

ਜਦੋਂ ਵੀ ਕਿਸੇ ਚੌਂਕ ਵਿਚ ਜਾਂਦਾ, ਪੰਦਰਾਂ ਵੀਹ ਆਦਮੀ ਇਕੱਠੇ ਕਰਕੇ ਐਲਾਨ ਕਰ ਦਿੰਦਾ ਕਿ ਮੇਰੀ ਇਸ ਜੁੱਤੀ ਦਾ ਦੂਸਰਾ ਪੈਰ ਚੁਰਾਇਆ ਗਿਆ ਹੈ। ਮੈਨੂੰ ਉਹ ਦੂਸਰਾ ਪੈਰ ਲੱਭਦਾ ਨਹੀਂ। ਜੇ ਕਿਸੇ ਨੂੰ ਦੂਸਰਾ ਪੈਰ ਲੱਭ ਪਏ ਤਾਂ ਉਹ ਪਤਾ ਦੇਵੇ, ਉਸ ਨੂੰ ਇਕ ਰੁਪਿਆ ਇਨਾਮ ਦਿੱਤਾ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਹੁਣ ਸ਼ਹਿਰ ਦੇ ਮੁਸਲਮਾਨ, ਜਿਹੜੇ ਜਾਮਾ ਮਸਜਿਦ ਵਿਚ ਜੁੱਤੀ ਦਾ ਪੈਰ ਦੇਖ ਕੇ ਆਏ ਸਨ, ਕਹਿਣ ਲੱਗੇ ਇਸ ਜੁੱਤੀ ਦਾ ਦੂਸਰਾ ਪੈਰ ਤਾਂ ਜਾਮਾ ਮਸਜਿਦ ਵਿਚ ਪਿਆ ਹੈ। ਇਸ ਗੱਲ ਦਾ ਰੌਲਾ ਪੈ ਗਿਆ।

ਸੁਥਰਾ ਫੜਿਆ ਗਿਆ। ਦਿੱਲੀ ਦੇ ਕਾਜ਼ੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਕਾਜ਼ੀ ਨੇ ਹੁਕਮ ਕੀਤਾ ਕਿ ਜੇ ਇਹ ਜੁੱਤੀ ਤੇਰੀ ਹੈ ਤਾਂ ਤੂੰ ਆਪਣੇ ਪੈਰੀ ਪਾ ਕੇ ਦੱਸ।

ਅਸਲ ਵਿਚ ਇਹ ਜੁੱਤੀ ਵੱਡੀ ਸੀ। ਪਰ ਸੁਥਰੇ ਨੇ ਜਦੋਂ ਰੱਬ ਨੂੰ ਯਾਦ ਕਰਕੇ ਉਹ ਜੁੱਤੀ ਆਪਣੇ ਪੈਂਰੀ ਪਾਈ ਤਾਂ ਉਹ ਸੁਥਰੇ ਸ਼ਾਹ ਦੇ ਮੇਚੇ ਦੀ ਹੀ ਨਿਕਲੀ।

ਜ਼ਾਮਾ ਮਸਜਿਦ ਵਿਚੋਂ ਉਹ ਜੁੱਤੀ ਦਾ ਪੈਰ ਲਿਆਂਦਾ ਗਿਆ ਤਾਂ ਉਹ ਦੋਵੇਂ ਪੈਰ ਆਪਸ ਵਿਚ ਮਿਲ ਗਏ। ਉਹ ਮੁਸਲਮਾਨ ਜੋ ਇਸ ਜੁੱਤੀ ਦਾ ਸਤਿਕਾਰ ਕਰਦੇ ਰਹੇ ਅਤੇ ਹਜ਼ਰਤ ਸਾਹਿਬ ਦੀ ਜੁੱਤੀ ਸਮਝ ਕੇ ਇਸ ਨੂੰ ਮੱਥਾ ਟੇਕਦੇ ਰਹੇ ਉਹ ਬੜੇ ਹੀ ਸ਼ਰਮਿੰਦੇ ਹੋਏ।

ਕਿਸੇ ਨੇ ਕਾਜ਼ੀ ਹੋਰਾਂ ਅੱਗੇ ਚੁਗਲੀ ਕੀਤੀ ਕਿ ਇਹ ਸ਼ਰਾਰਤ ਇਸ ਫਕੀਰ ਦੀ ਹੀ ਹੈ। ਇਸ ਨੇ ਹੀ ਸ਼ਰਾਰਤ ਨਾਲ ਇਸ ਦਾ ਇਹ ਪੈਰ ਮਸਜਿਦ ਵਿਚ ਜਾ ਰੱਖਿਆ ਸੀ।

ਕਾਜ਼ੀ ਸਾਹਿਬ ਨੇ ਫਤਵਾ ਦੇ ਦਿੱਤਾ ਕਿ ਇਸ ਫਕੀਰ ਨੂੰ ਕਤਲ ਕੀਤਾ ਜਾਏ। ਇਸ ਨੇ ਇਹ ਸ਼ਰਾਰਤ ਕਰਕੇ ਸਿਰਫ ਇਸਲਾਮ ਦੀ ਨਹੀਂ, ਸਗੋਂ ਹਜ਼ਰਤ ਸਾਹਿਬ ਦੀ ਵੀ ਹੱਤਕ ਕੀਤੀ ਸੀ।

ਇਸ ਤੋਂ ਮਗਰੋਂ ਸੁਥਰੇ ਸ਼ਾਹ ਕੋਲੋਂ ਪੁੱਛਿਆ ਗਿਆ 'ਕਿਉਂ ਭਾਈ! ਤੂੰ ਕਿਸੇ ਨੂੰ ਮਿਲਣਾ ਚਾਹੁੰਦਾ ਹੈਂ ?' ਸੁਥਰੇ ਨੇ ਕਿਹਾ, 'ਜੀ ਹਾਂ ! ਮੈਂ ਸ਼ਹਿਨਸ਼ਾਹ ਜਹਾਂਗੀਰ ਬਾਦਸ਼ਾਹ ਨੂੰ ਮਿਲਣਾ ਚਾਹੁੰਦਾ ਹਾਂ।'

ਉਸ ਸਮੇਂ ਜਹਾਂਗੀਰ ਬਾਦਸ਼ਾਹ ਆਗਰੇ ਵਿਚ ਸਨ। ਪੁਲਿਸ ਦੀ ਨਿਗਰਾਨੀ ਵਿਚ ਸੁਥਰਾ ਸ਼ਾਹ ਨੂੰ ਆਗਰੇ ਭੇਜਿਆ ਗਿਆ। ਇਸ ਨੇ ਬਾਦਸ਼ਾਹ ਦੀ ਹਜ਼ੂਰੀ ਵਿਚ ਜਾ ਕੇ ਅਰਜ਼ ਕੀਤੀ ਕਿ ਸ਼ਹਿਨਸ਼ਾਹ !

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਨਾਲੇ ਮੇਰੀ ਜੁੱਤੀ ਚੁਰਾਈ ਗਈ, ਮੈਂ ਲੱਭਦਾ ਫਿਰਦਾ ਰਿਹਾ।

ਜੇ ਲੱਭੀ ਤਾਂ ਜਾਮਾ ਮਸਜਿਦ ਵਿਚੋਂ ਲੱਭੀ। ਇਸ ਅਪ੍ਰਾਧ ਦੇ ਬਦਲੇ ਕਾਜ਼ੀ ਸਾਹਿਬ ਨੇ ਉਲਟਾ ਮੈਨੂੰ ਹੀ ਕਤਲ ਦੀ ਸਜ਼ਾ ਦਿੱਤੀ ਹੈ। ਆਪ ਦੇ ਰਾਜ ਵਿਚ ਇਹ ਇਨਸਾਫ ਕੀ ਹੈ ? ਸੋ ਹੇ ਸ਼ਾਹਿਨਸ਼ਾਹ ! ਆਪ ਦੇ ਅੱਗੇ ਅਪੀਲ ਹੈ ਕਿ ਮੇਰਾ ਇਨਸਾਫ ਕੀਤਾ ਜਾਏ।

ਸੁਥਰੇ ਨੇ ਕਿਹਾ, ਪਾਤਸ਼ਾਹ ! ਜਿਹੜਾ ਸ਼ਖਸ ਰੱਬ ਦੀ ਬਣਾਈ ਹੋਈ ਹਸ਼ਤੀ ਨੂੰ ਆਪਣੇ ਹੁਕਮ ਨਾਲ ਤਬਾਹ ਕਰਨਾ ਚਾਹੁੰਦਾ ਹੈ। ਉਹ ਕਾਫਰ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਹ ਮੇਰਾ ਸਰੀਰ ਖੁਦਾਵੰਦ ਕਰੀਮ ਦੀ ਬਖਸ਼ਿਸ਼ ਹੈ।

ਇਹੋ ਜਿਹਾ ਸਰੀਰ ਬਣਾਉਣਾ ਬੜਾ ਮੁਸ਼ਕਿਲ ਹੈ। ਕਤਲ ਕਰ ਦੇਣਾ ਤਾਂ ਆਸਾਨ ਹੈ, ਸੋ ਕਾਜ਼ੀ ਸਾਹਿਬ ਨੂੰ ਇਸ ਹੁਕਮ ਤੋਂ ਰੋਕਿਆ ਜਾਵੇ।

ਸੁਥਰੇ ਦੀ ਇਹ ਦਲੀਲ ਜਹਾਂਗੀਰ ਬਾਦਸ਼ਾਹ ਦੇ ਦਿਲ ਲੱਗੀ। ਬਾਦਸ਼ਾਹ ਨੇ ਕਤਲ ਦੀ ਸਜ਼ਾ ਮੁਆਫ ਕਰ ਦਿੱਤੀ। ਇਸ ਤਰ੍ਹਾਂ ਰਿਹਾ ਹੋ ਕੇ ਸੁਥਰਾ ਫੇਰ ਦਿੱਲੀ ਵਿਚ ਆ ਗਿਆ ਤੇ ਕਾਜ਼ੀ ਸਾਹਿਬ ਦੇ ਸਾਹਮਣੇ ਉਹ ਜੁੱਤੀ ਡਾਂਗ ਉਤੇ ਟੰਗ ਕੇ ਫਿਰਨ ਲੱਗਾ।

ਕਾਜ਼ੀ ਨੇ ਸਿਪਾਹੀ ਭੇਜ ਕੇ ਸੁਥਰੇ ਨੂੰ ਫੇਰ ਆਪਣੀ ਅਦਾਲਤ ਵਿਚ ਸਦਵਾ ਲਿਆ। ਜਦੋਂ ਸੁਥਰਾ ਉਸ ਦੇ ਸਾਹਮਣੇ ਪੇਸ਼ ਹੋਇਆ ਤਾਂ ਕਾਜ਼ੀ ਨੇ ਪੁੱਛਿਆ, ਤੂੰ ਹਿੰਦੂ ਹੈਂ ਕਿ ਮੁਸਲਮਾਨ ?

'ਨਾ ਮੈਂ ਹਿੰਦੂ ਨਾ ਮੁਸਲਮਾਨ।

ਹਿੰਦੂ ਆਖਣ ਰਾਮ ਰਾਮ ਮੁਸਲਮਾਨ ਰਹਿਮਾਨ।'

ਸੁਥਰੇ ਨੇ ਉਤਰ ਦਿੱਤਾ। ਇਹ ਬਚਨ ਸੁਣ ਕੇ ਕਾਜ਼ੀ ਨੂੰ ਬੜਾ ਗੁੱਸਾ ਆਇਆ ਕਿ ਇਹ ਫਕੀਰ ਆਪਣੇ ਆਪ ਨੂੰ 'ਰਹਿਮਾਨ' ਜਾਂ ਅੱਲਾ ਕਹਿੰਦਾ ਹੈ।

ਇਹ ਕੁਫਰ ਹੈ, ਪਰ ਇਸ ਦੀ ਅਜ਼ਮਾਇਸ਼ ਕਰਨੀ ਚਾਹੀਦੀ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਕੀ ਇਹ ਸੱਚਮੁਚ ਹੀ ਰੱਬ ਦਾ ਪਿਆਰਾ ਹੈ ਤੇ ਸਾਰਿਆਂ ਨੂੰ ਉਸ ਦਾ ਰੂਪ ਸਮਝਦਾ ਹੈ, ਜਾਂ ਇਸ ਦੇ ਦਿਲ ਅੰਦਰ ਹਿੰਦੂ ਮੁਸਲਮਾਨ ਦਾ ਵਿਤਕਰਾ ਹੈ। ਇਹ ਅਜ਼ਮਾਇਸ਼ ਕਰਨ ਲਈ ਕਾਜ਼ੀ ਨੇ ਕਿਹਾ, 'ਸ਼ਾਹ ਸਾਹਿਬ, ਕੀ ਤੁਸੀਂ ਸਾਰਿਆਂ ਨੂੰ ਰੱਬ ਦਾ ਰੂਪ ਸਮਝਦੇ ਹੋ ?'

ਹਾਂ, ਸਾਰੇ ਉਸ ਦਾ ਹੀ ਰੂਪ ਹਨ, ਉਸ ਤੋਂ ਵੱਖਰਾ ਕੋਈ ਨਹੀਂ।' ਸੁਥਰੇ ਨੇ ਉਤਰ ਦਿੱਤਾ !

'ਕੀ ਤੁਸੀਂ ਸਾਡੇ ਨਾਲ ਬੈਠ ਕੇ ਖਾਣਾ ਖਾ ਸਕਦੇ ਹੋ ?' ਕਾਜ਼ੀ ਨੇ ਕਿਹਾ।

'ਜੀ ਹਾਂ, ਇਸ ਨਾਲੋਂ ਚੰਗੀ ਹੋਰ ਕਿਹੜੀ ਗੱਲ ਹੈ, ਜੇ ਤੁਸੀਂ ਮੇਰੇ ਨਾਲ ਬੈਠ ਕੇ ਖਾਣਾ ਖਾਉ। ਮੈਂ ਤੇ ਹਰ ਇਕ ਨਾਲ ਹੀ ਖਾਣਾ ਖਾਣ ਲਈ ਤਿਆਰ ਹਾਂ, ਭਾਵੇਂ ਕੋਈ ਕਿਸੇ ਵੀ ਜਾਤ ਦਾ ਜੀਵ ਕਿਉਂ ਨਾ ਹੋਵੇ।' ਸੁਥਰੇ ਨੇ ਕਿਹਾ।

ਕਾਜ਼ੀ ਨੇ ਅਗਲੇ ਦਿਨ ਦੁਪਹਿਰ ਦਾ ਖਾਣਾ ਖਾਣ ਦਾ ਸੱਦਾ ਦਿੱਤਾ। ਸੁਥਰੇ ਸ਼ਾਹ ਨੇ ਉਹ ਸੱਦਾ ਪ੍ਰਵਾਨ ਕੀਤਾ। ਅਗਲੇ ਦਿਨ ਦੁਪਹਿਰ ਤੋਂ ਪਹਿਲਾਂ ਹੀ ਉਹ ਕਾਜ਼ੀ ਦੇ ਮਕਾਨ 'ਤੇ ਪਹੁੰਚਾ ਤੇ ਆਪਣੇ ਨਾਲ ਇਕ ਕੁੱਤਾ ਵੀ ਲੈ ਗਿਆ।

ਕਾਜ਼ੀ ਸਾਹਿਬ ਦੇ ਘਰ ਹੋਰ ਪੰਜ ਸੱਤ ਸਰਕਾਰੀ ਅਹਿਲਕਾਰ ਖਾਣਾ ਖਾਣ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਨੇ ਪੁੱਛਿਆ, 'ਸ਼ਾਹ ਸਾਹਿਬ! ਇਹ ਕੁੱਤਾ ਆਪ ਦਾ ਹੈ ?' ਜੀ ਹਾਂ, ਇਹ ਵੀ ਅੱਲਾ ਦਾ ਰੂਪ ਹੈ।

ਜਿਥੇ ਅਸੀਂ ਜਾਂਦੇ ਹਾਂ, ਸਾਡੇ ਨਾਲ ਹੀ ਜਾਂਦਾ ਹੈ। ਇਸ ਨੂੰ ਆਦਤ ਪੈ ਚੁੱਕੀ ਹੈ ਕਿ ਇਹ ਵੀ ਮੇਰੇ ਨਾਲ ਹੀ ਖਾਣਾ ਖਾਂਦਾ ਹੈ।'

'ਕਿਉਂ ਨਹੀਂ, ਕੁੱਤਾ ਬੜਾ ਵਫ਼ਾਦਾਰ ਜਾਨਵਰ ਹੈ। ਇਸ ਨਾਲ ਜਿੰਨੀ ਮੁਹੱਬਤ ਕਰੋ, ਇਹ ਓਨੀ ਹੀ ਵਫ਼ਾ ਕਰਦਾ ਹੈ।'

ਉਸ ਅਹਿਲ ਨੇ ਕਿਹਾ, 'ਹਾਂ ਸ਼ਾਹ ਸਾਹਿਬ! ਜਿੰਨਾਂ ਇਹ ਵਫ਼ਾਦਾਰ ਹੈ, ਓਨਾ ਇਨਸਾਨ ਨਹੀਂ।'

ਸੁਥਰਾ ਹੱਸ ਕੇ ਕਹਿਣ ਲੱਗਾ, 'ਬਹੁਤ ਖ਼ੂਬ, ਬਹੁਤ ਖ਼ੂਬ ! ਤੁਸੀਂ ਸੱਚ ਕਹਿੰਦੇ ਹੋ। ਇਹ ਤਾਂ ਆਪਣੇ ਮਾਲਕ ਲਈ ਜਾਨ ਤਕ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ ਆਪਣੇ ਮਾਲਕ ਦੇ ਬਚਾਉ ਲਈ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦਾ।

ਇਸ ਤਰ੍ਹਾਂ ਦੀਆਂ ਗੱਲਾਂ ਕੁਝ ਚਿਰ ਹੁੰਦੀਆਂ ਰਹੀਆਂ। ਉਨ੍ਹਾਂ ਮੁਸਲਮਾਨਾਂ ਵਿਚ ਇਕ ਬੜਾ ਮਖੌਲੀਆ ਸੀ, ਉਹ ਰਤਾ ਲਾ ਕੇ ਕਹਿਣ ਲੱਗਾ, "ਕਿਉਂ ਸ਼ਾਹ ਸਾਹਿਬ ! ਕਦੀ ਸੁਣਿਆ ਜੇ, "ਕੁਤਾ ਸੋ ਜੋ ਕੁਤਾ ਪਾਲੇ।" ਕੁੱਤਾ ਪਾਲਣ ਵਾਲਾ ਵੀ ਕੁੱਤਾ ਹੀ ਹੁੰਦਾ ਹੈ।"

ਸੁਥਰੇ ਨੇ ਕਿਹਾ, "ਕੁੱਤਾ ਨਹੀਂ ਹੁੰਦਾ, ਕੁੱਤਾ ਹੋ ਜਾਂਦਾ ਹੈ, ਜੇ ਉਹ ਕੁੱਤੇ ਦੀ ਵਫ਼ਾ ਦਾ ਗੁਣ ਆਪ ਧਾਰਨ ਕਰ ਲਵੇ। ਜਿਹੜਾ ਇਨਸਾਨ ਹੋ ਕੇ ਕੁੱਤੇ ਦੀ ਵਫ਼ਾ ਧਾਰਨ ਨਹੀਂ ਕਰਦਾ, ਉਹ ਤਾਂ ਕੁੱਤੇ ਨਾਲੋਂ ਵੀ ਗਿਆ ਗੁਜ਼ਰਿਆ ਹੈ।

ਜਿਹੜੇ ਇਨਸਾਨ ਹੋ ਕੇ ਕਿਸੇ ਲਾਲਚ ਲਈ ਹਾਕਮਾਂ ਜਾਂ ਕਾਜ਼ੀਆਂ ਦੇ ਮਗਰ-ਮਗਰ ਫਿਰਦੇ ਹਨ, ਅਸਲ ਕੁੱਤੇ ਉਹ ਹਨ, ਪਰ ਜੇ ਉਹ ਵਫ਼ਾ ਨਹੀਂ ਜਾਣਦੇ ਤਾਂ ਉਹ ਕੁੱਤਿਆਂ ਨਾਲੋਂ ਵੀ ਗਏ ਗੁਜ਼ਰੇ ਹਨ। ਤੁਸੀਂ ਤੇ ਇਹ ਅਖਾਣ ਸਾਰਾ ਹੀ ਸੁਣਿਆ ਹੋਵੇਗਾ, ਕਿ-

ਕੁੱਤਾ ਸੋ ਜੋ ਕੁੱਤਾ ਪਾਲੇ।
ਕੁੱਤਾ ਦੁਹਤਾ ਨਾਨੇ ਹਾਲੇ।
ਕੁੱਤਾ ਭੈਣ ਦੇ ਘਰ ਭਾਈ।
ਕੁੱਤਾ ਸਹੁਰੇ ਦੇ ਘਰ ਜਵਾਈ।
ਵੱਡਾ ਕੁੱਤਾ ਸੋਈ ਭਾਲ।
ਸਹੁਰਾ ਫਿਰੇ ਜਵਾਈ ਨਾਲ।
ਲਾਲਚ ਕਰਕੇ ਮਗਰ ਜੋ ਫਿਰਦਾ।
ਅਸਲੀ ਕੁੱਤਾ ਉਹ ਧਿਰ ਧਿਰ ਦਾ।

ਉਹ ਉਸ ਅਹਿਲਕਾਰ ਨੂੰ ਜ਼ਬਰਦਸਤ ਟਕੋਰ ਸੀ। ਕਿਉਂਕਿ ਉਹ

Sri Satguru Jagjit Singh Ji eLibrary NamdhariElibrary@gmail.com

ਕਾਜ਼ੀ ਦਾ ਝੋਲੀ ਚੁੱਕ ਸੀ ਤੇ ਕਾਜ਼ੀ ਦੇ ਮਗਰ ਫਿਰਦਾ ਰਹਿੰਦਾ ਸੀ। ਦੂਸਰੇ ਅਹਿਲਕਾਰ ਸਮਝ ਗਏ ਤੇ ਉਹ ਬੜਾ ਸ਼ਰਮਿੰਦਾ ਹੋਇਆ।

ਏਨੇ ਨੂੰ ਖਾਣਾ ਖਾਣ ਦਾ ਸਮਾਂ ਆ ਗਿਆ। ਕਾਜ਼ੀ ਸਾਹਿਬ ਨੇ ਫਰਸ਼ ਉਤੇ ਹੀ ਚਿੱਟੀ ਚਾਦਰ ਵਿਛਾ ਕੇ ਸਾਰਿਆਂ ਲਈ ਇਕੋ ਥਾਂ ਖਾਣਾ ਮੰਗਵਾ ਲਿਆ ਤਾਂ ਜੋ ਸਾਰੇ ਮੁਸਲਮਾਨ ਤੇ ਸੁਥਰਾ ਸ਼ਾਹ ਇਕੋ ਥਾਂ ਥਾਲੀ ਵਿਚੋਂ ਖਾਣਾ ਖਾਣ।

ਜਦੋਂ ਸਾਰੇ ਖਾਣ ਖਾਣ ਲੱਗੇ, ਸੁਥਰੇ ਸ਼ਾਹ ਨੇ ਆਪਣਾ ਕੁੱਤਾ ਵੀ ਕੋਲ ਬਿਠਾ ਲਿਆ ਤੇ ਸਲੂਣੇ ਵਾਲਾ ਭਾਂਡਾ ਤੇ ਰੋਟੀਆਂ ਦੀ ਚੰਗੇਰ ਉਸ ਦੇ ਅੱਗੇ ਕਰ ਦਿੱਤੀ, ਕੁੱਤਾ ਖਾਣਾ ਖਾਣ ਲੱਗ ਪਿਆ।

ਇਹ ਦੇਖ ਕੇ ਕਾਜ਼ੀ ਸਾਹਿਬ ਤੇ ਅਹਿਲਕਾਰਾਂ ਨੇ ਬੜੀ ਘਿਰਣਾ ਕੀਤੀ ਅਤੇ ਕਿਹਾ ਕਿ ਇਸ ਕੁੱਤੇ ਨੇ ਖਾਣਾ ਭ੍ਰਿਸ਼ਟ ਕਰ ਦਿੱਤਾ ਹੈ। ਅਸੀਂ ਇਹ ਖਾਣਾ ਨਹੀਂ ਖਾ ਸਕਦੇ।

ਸੁਥਰੇ ਨੇ ਕਿਹਾ, "ਅੱਲਾ ਦੇ ਬੰਦਿਓ ! ਇਹ ਵੀ ਅੱਲਾ ਦਾ ਰੂਪ ਹੈ। ਕੀ ਅੱਲਾ ਨੇ ਇਸ ਨੂੰ ਨਹੀਂ ਬਣਾਇਆ ? ਕੀ ਇਸ ਵਿਚ ਜਾਨ ਨਹੀਂ ?

ਜੇ ਤੁਸੀਂ ਮੇਰੇ ਇਸ ਕੁੱਤੇ ਨਾਲ ਨਫ਼ਰਤ ਕਰਦੇ ਹੋ, ਜੋ ਮੇਰੇ ਨਾਲ ਖਾਣਾ ਖਾਂਦੇ ਹੋ ਤਾਂ ਤੁਸੀਂ ਇਸ ਨਾਲੋਂ ਵੀ ਗਏ ਗੁਜ਼ਰੇ ਹੋ। ਮੈਂ ਤੇ ਹਰ ਰੋਜ਼ ਇਸ ਦੇ ਨਾਲ ਹੀ ਖਾਣਾ ਖਾਂਦਾ ਹਾਂ, ਇਕੱਲਾ ਖਾ ਹੀ ਨਹੀਂ ਸਕਦਾ।

ਜੇ ਤੁਸੀਂ ਮੇਰੇ ਨਾਲ ਬਹਿ ਕੇ ਖਾਣਾ ਨਹੀਂ ਚਾਹੁੰਦੇ, ਤੁਸੀਂ ਮੈਨੂੰ ਸੱਦਿਆ ਹੀ ਕਿਉਂ ? ਪ੍ਰਾਹੁਣਿਆਂ ਨੂੰ ਘਰ ਸੱਦ ਕੇ ਉਨ੍ਹਾਂ ਦੀ ਇਸ ਤਰ੍ਹਾਂ ਬੇਇੱਜ਼ਤੀ ਕਰਨੀ ਠੀਕ ਨਹੀਂ।

ਜਿਸ ਨੂੰ ਲੋਕ ਸੱਦਾ ਦੇਂਦੇ ਹਨ, ਉਸ ਦੀ ਉਹ ਘਰ ਸੱਦ ਕੇ ਜਵਾਈਆਂ ਨਾਲੋਂ ਵਧ ਖਾਤਰ ਕਰਦੇ ਹਨ ਤੇ ਤੁਹਾਡੇ ਵਾਂਗ ਉਨ੍ਹਾਂ ਨਾਲ ਬਹਿ ਕੇ ਕੰਨੀਂ ਨਹੀਂ ਕਤਰਾਉਂਦੇ।'

Sri Satguru Jagjit Singh Ji eLibrary NamdhariElibrary@gmail.com

ਸੁਥਰੇ ਨੇ ਫੇਰ ਕਾਜ਼ੀ ਸਾਹਿਬ ਨੂੰ ਕਿਹਾ, "ਕਿਉਂ ਸਾਹਿਬ ! ਇਹ ਮੇਰਾ ਸਾਥੀ ਅੱਲਾ ਦਾ ਜੀਵ ਨਹੀਂ ? ਕੀ ਇਹ ਮੇਰੇ ਨਾਲ ਤੁਹਾਡੇ ਘਰ ਨਹੀਂ ਆਇਆ। ਤੁਸੀਂ ਤੇ ਸਾਨੂੰ ਆਪਣੇ ਨਾਲ ਬਹਾ ਕੇ ਖਾਣਾ ਖਾਣ ਦਾ ਸੱਦਾ ਦਿੱਤਾ ਸੀ, ਸੋ ਆਓ ! ਸਾਰੇ ਰਲ ਕੇ ਖਾਣਾ ਖਾਈਏ।"

'ਅਸੀਂ ਤੁਹਾਡੇ ਨਾਲ ਬਹਿ ਕੇ ਖਾਣਾ ਖਾ ਸਕਦੇ ਹਾਂ, ਇਸ ਕੁੱਤੇ ਨਾਲ ਬੈਠ ਕੇ ਨਹੀਂ ਖਾ ਸਕਦੇ।' ਕਾਜ਼ੀ ਨੇ ਕਿਹਾ।

'ਪਰ ਮੈਂ ਹਰ ਰੋਜ਼ ਇਸ ਕੁੱਤੇ ਨਾਲ ਬਹਿ ਕੇ ਖਾਣਾ ਖਾਂਦਾ ਹਾਂ, ਅੱਜ ਤੁਹਾਡੇ ਨਾਲ ਵੀ ਬਹਿ ਕੇ ਖਾਣ ਦਾ ਇਰਾਦਾ ਕੀਤਾ ਸੀ ਤੇ ਮੈਂ ਤੁਹਾਡੇ ਕੁੱਤਿਆਂ ਨਾਲ ਵੀ ਖਾਣ ਲਈ ਤਿਆਰ ਸਾਂ, ਤੁਸੀਂ ਕਿਉਂ ਝਿਜਕ ਗਏ।' ਸੁਥਰੇ ਨੇ ਕਿਹਾ।

ਇਹ ਇਕ ਤਰ੍ਹਾਂ ਨਾਲ ਕਾਜ਼ੀ ਨੂੰ ਤੇ ਕਾਜ਼ੀ ਦੇ ਸਾਥੀਆਂ ਨੂੰ ਗੁਝੀ ਟਕੋਰ ਸੀ। ਉਨ੍ਹਾਂ ਨੂੰ ਸਾਫ ਤੌਰ 'ਤੇ ਕੁੱਤੇ ਕਿਹਾ ਜਾ ਰਿਹਾ ਸੀ। ਉਹ ਸਮਝ ਤਾਂ ਗਏ, ਪਰ ਸੁਥਰੇ ਨੇ ਗੱਲ ਹੀ ਇਸ ਤਰ੍ਹਾਂ ਕੀਤੀ ਸੀ ਕਿ ਦੁਪਾਸੜ ਗੱਲ ਸੀ, ਕੋਈ ਟਕੋਰ ਵੀ ਨਹੀਂ ਸੀ।

ਕਾਜ਼ੀ ਨੇ ਕਿਹਾ, "ਸ਼ਾਹ ਸਾਹਿਬ ! ਅਸੀਂ ਤੁਹਾਡੇ ਨਾਲ ਖਾਣਾ ਖਾਣ ਲਈ ਤਿਆਰ ਸਾਂ, ਪਰ ਇਸ ਕੁੱਤੇ ਨੂੰ ਜੇ ਵੱਖਰਾ ਖਾਣਾ ਦੇ ਦਿੱਤਾ ਜਾਂਦਾ ਤਾਂ ਕੀ ਹਰਜ਼ ਸੀ ?'

'ਹਰਜ਼ ਤੇ ਕੋਈ ਨਹੀਂ, ਪਰ ਇਹ ਕੁੱਤਾ ਐਨਾ ਵਫਾਦਾਰ ਹੈ ਕਿ ਮੇਰੇ ਨਾਲ ਹੀ ਬਹਿ ਕੇ ਖਾਂਦਾ ਹੈ, ਇਕੱਲਾ ਨਹੀਂ ਖਾਂਦਾ। ਇਸ ਲਈ ਮੈਂ ਮਜ਼ਬੂਰ ਹਾਂ।' ਸੁਥਰੇ ਨੇ ਉੱਤਰ ਦਿੱਤਾ।

ਕਾਜ਼ੀ ਨੇ ਤੇ ਉਸ ਦੇ ਸਾਥੀਆਂ ਨੇ ਕੁੱਤੇ ਦੀ ਜੂਠ ਖਾਣ ਤੋਂ ਇਨਕਾਰ ਕਰ ਦਿੱਤੀ। ਸੁਥਰੇ ਨੇ ਕਿਹਾ, "ਕਾਜ਼ੀ ਸਾਹਿਬ ! ਕੁੱਤੇ ਨਾਲ ਨਫਰਤ ਕਰਕੇ ਤੁਸੀਂ ਖੁਦਾ ਦੇ ਜੀਵ ਦੀ ਹੱਤਕ ਕਰ ਰਹੇ ਹੋ।

ਤੁਸੀਂ ਸਾਰਿਆਂ ਨਾਲ, ਤੁਹਾਡੇ ਨਾਲ ਦੇ ਤੁਹਾਡੇ ਕੁੱਤਿਆਂ ਨਾਲ ਵੀ ਖਾਣਾ ਖਾ ਸਕਦਾ ਹਾਂ, ਤੁਸੀਂ ਅੱਲਾ ਦੇ ਪਿਆਰੇ ਹੋ ਕੇ ਕਿਉਂ ਨਹੀਂ

Sri Satguru Jagjit Singh Ji eLibrary NamdhariElibrary@gmail.com

ਖਾਂਦੇ ।

ਅੱਛਾ ! ਜੇ ਸਾਡੇ ਨਾਲ ਬਹਿ ਕੇ ਤੁਸੀਂ ਖਾਣਾ ਨਹੀਂ ਖਾ ਸਕਦੇ ਤਾਂ ਅਸੀਂ ਜਾਂਦੇ ਹਾਂ ।"

ਇਹ ਕਹਿ ਕੇ ਸੁਥਰਾ ਸ਼ਾਹ ਨੇ ਉਨ੍ਹਾਂ ਦਾ ਸਾਰਾ ਖਾਣਾ ਕੁੱਤੇ ਤੋਂ ਜੂਠਾ ਕਰਵਾ ਕੇ ਵਿਚੇ ਹੀ ਰਹਿਣ ਦਿੱਤਾ ਅਤੇ ਆਪਣੇ ਕੁੱਤੇ ਸਣੇ ਉਠ ਕੇ ਵਾਪਸ ਆ ਗਿਆ ।

ਕਾਜ਼ੀ ਤੇ ਉਸ ਦੇ ਸਾਥੀ ਉਸ ਨੂੰ ਕੋਈ ਜਵਾਬ ਨਾ ਦੇ ਸਕੇ । ਜਦੋਂ ਸੁਥਰਾ ਕਾਜ਼ੀ ਸਾਹਿਬ ਦੇ ਮਕਾਨ ਤੋਂ ਬਾਹਰ ਆਇਆ ਤਾਂ ਉਸ ਨੂੰ ਇਕ ਹੋਰ ਮੁਸਲਮਾਨ ਫਕੀਰ ਮਿਲ ਗਿਆ ਅਤੇ ਕਹਿਣ ਲੱਗਾ, ਸ਼ਾਹ ਸਾਹਿਬ ! ਅੱਜ ਖਾਣਾ ਸਾਡੇ ਨਾਲ ਖਾਉ ।

'ਸੁਥਰਾ ਸ਼ਾਹ ਨੇ ਫੇਰ ਉਹ ਸ਼ਰਤ ਲਾਈ ਕਿ ਸਾਡਾ ਕੁੱਤਾ ਵੀ ਨਾਲ ਹੀ ਬਹਿ ਕੇ ਖਾਏਗਾ ।' ਉਸ ਫਕੀਰ ਨੇ ਇਹ ਗੱਲ ਪ੍ਰਵਾਨ ਕਰ ਲਈ। ਜਦੋਂ ਉਸ ਫਕੀਰ ਤੇ ਤਕੀਏ 'ਤੇ ਪਹੁੰਚੇ, ਖਾਣਾ ਲਿਆ ਕੇ ਸੁਥਰੇ ਸ਼ਾਹ ਦੇ ਅੱਗੇ ਰੱਖਿਆ ਗਿਆ ।

ਸੁਥਰੇ ਨੇ ਚੌਲਾਂ ਦੀ ਤਸ਼ਤਰੀ ਕੁੱਤੇ ਅੱਗੇ ਰੱਖ ਦਿੱਤੀ। ਕੁੱਤਾ ਚੌਲ ਸੁੰਘ ਕੇ ਭੌਂਕਣ ਲੱਗ ਪਿਆ। ਸੁਥਰੇ ਸ਼ਾਹ ਨੇ ਕਿਹਾ ਕਿ ਇਹ ਖਾਣਾ ਠੀਕ ਨਹੀਂ । ਇਸ ਵਿਚ ਕੋਈ ਜ਼ਹਿਰ ਮਿਲੀ ਹੋਈ ਹੈ ।

ਇਹ ਸੁਣ ਕੇ ਫਕੀਰ ਨੂੰ ਗੁੱਸਾ ਚੜ੍ਹ ਗਿਆ ਕਿ ਸਾਡੇ ਉਤੇ ਸ਼ੱਕ ਕੀਤਾ ਗਿਆ ਹੈ, ਜਾਂ ਬਹਾਨਾ ਬਣਾਇਆ ਗਿਆ ਹੈ, ਕਿਉਂਕਿ ਸੁਥਰਾ ਇਕ ਹਿੰਦੂ ਫਕੀਰ ਹੈ ਤੇ ਮੁਸਲਮਾਨ ਦੇ ਹੱਥ ਦਾ ਖਾਣਾ ਨਹੀਂ ਖਾਣਾ ਚਾਹੁੰਦਾ।

ਸੁਥਰੇ ਨੇ ਕਿਹਾ, "ਸਾਈਂ ਜੀ ! ਜਿਸ ਦੇਗ ਵਿਚ ਚੌਲ ਬਣੇ ਹਨ, ਉਸ ਦੇਗ ਵਿਚੋਂ ਸਾਰੇ ਚੌਲ ਕੱਢ ਕੇ ਪਾ ਲਓ, ਅਸੀਂ ਸਾਰੇ ਇਕੱਠੇ ਇਕੋ ਪਰਾਤ ਵਿਚੋਂ ਹੀ ਖਾਣ ਲੱਗ ਪਵਾਂਗੇ ।"

ਜਦੋਂ ਉਸ ਦੇਗ ਦੇ ਚੌਲ ਇਕ ਪਰਾਤ ਵਿਚ ਉਲਟਾਏ ਗਏ ਤਾਂ

Sri Satguru Jagjit Singh Ji eLibrary NamdhariElibrary@gmail.com

ਕੀ ਦੇਖਦੇ ਹਨ ਜ਼ਹਿਰੀਲਾ ਸੱਪ ਉਨ੍ਹਾਂ ਚੌਲਾਂ ਵਿਚ ਉਬਲਿਆ ਹੋਇਆ ਸੀ।

ਜਿਸ ਕਰਕੇ ਉਹ ਮੁਸਲਮਾਨ ਸਾਈਂ ਹੈਰਾਨ ਰਹਿ ਗਿਆ ਤੇ ਉਸ ਨੇ ਸੁਥਰੇ ਸ਼ਾਹ ਕੋਲੋਂ ਮੁਆਫੀ ਮੰਗੀ ਕਿ ਸਾਨੂੰ ਇਸ ਗੱਲ ਦਾ ਪਤਾ ਨਹੀਂ ਸੀ, ਪਰ ਇਹ ਗ਼ੈਬ ਦੀ ਗੱਲ ਤੁਹਾਡੇ ਕੁੱਤੇ ਨੂੰ ਮਲੂਮ ਹੋ ਗਈ ਸੀ, ਤਦੇ ਉਸ ਨੇ ਚੌਲ ਸੁੰਘ ਕੇ ਛੱਡ ਦਿੱਤੇ ਸਨ।

ਸੁਥਰਾ ਸ਼ਾਹ ਹਰ ਰੋਜ਼ ਦਿੱਲੀ ਦੇ ਬਜ਼ਾਰਾਂ ਵਿਚ ਚੱਕਰ ਲਾਉਂਦਾ, ਕਦੀ ਦਿੱਲੀ ਦੇ ਮੰਦਰਾਂ ਅੱਗੇ ਖਲੋ ਕੇ ਉਨ੍ਹਾਂ ਬ੍ਰਾਹਮਣਾਂ ਦੇ ਪਾਖੰਡਾਂ ਦੇ ਪਾਜ ਉਘਾੜਦਾ, ਕਦੀ ਮੌਲਵੀਆਂ ਤੇ ਕਾਜ਼ੀਆਂ ਨਾਲ ਕਈ ਤਰ੍ਹਾਂ ਦੀਆਂ ਟੱਕਰਾਂ ਲੈਂਦਾ, ਜਿਸ ਕਰਕੇ ਦਿੱਲੀ ਦੇ ਕਾਜ਼ੀ ਨੇ ਬਾਦਸ਼ਾਹ ਅੱਗੇ ਇਸ ਦੀ ਸ਼ਕਾਇਤ ਕੀਤੀ ਕਿ ਇਹ ਵੀ ਇਕ ਕਾਫਰ ਹੈ, ਜੋ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦੇ ਧਰਮ ਈਮਾਨ ਦੇ ਵਿਰੁੱਧ ਗੱਲਾਂ ਕਰਦਾ ਰਹਿੰਦਾ ਹੈ।

ਬਾਦਸ਼ਾਹ ਨੇ ਅਖਵਾ ਭੇਜਿਆ ਕਿ ਇਸ ਨੂੰ ਆਗਰੇ ਵਿਚ ਸ਼ਹਿਨਸ਼ਾਹੀ ਦਰਬਾਰ ਵਿਚ ਹਾਜ਼ਰ ਕਰੋ।

ਇਨ੍ਹਾਂ ਦਿਨਾਂ ਵਿਚ ਮੀਰੀ-ਪੀਰੀ ਦੇ ਮਾਲਕ ਸੋਢੀ ਸੁਲਤਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਆਗਰੇ ਵਿਚ ਗਏ ਹੋਏ ਸਨ। ਸ਼ਹਿਨਸ਼ਾਹ ਜਹਾਂਗੀਰ ਅਤੇ ਮਲਿਕਾ ਨੂਰ ਜਹਾਂ ਬੇਗਮ ਨੇ ਖਾਸ ਤੌਰ 'ਤੇ ਸੱਦਾ ਦਿੱਤਾ ਹੋਇਆ ਸੀ ਕਿ ਸ੍ਰੀ ਹਜ਼ੂਰ ਮੀਰੀ-ਪੀਰੀ ਦੇ ਮਾਲਕ ਆਗਰੇ ਦੀ ਸੰਗਤ ਨੂੰ ਰੱਬੀ ਬਾਣੀ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਦਿਲਾਂ ਦੇ ਭਰਮ ਦੂਰ ਕਰਨ।

ਸੁਥਰਾ ਸ਼ਾਹ ਇਕ ਬੇਪ੍ਰਵਾਹ ਫਕੀਰ ਸੀ, ਜੋ ਸਤਿਗੁਰਾਂ ਦੇ ਦਰਬਾਰ ਵਿਚ ਵੀ ਨੁਕਤਾ ਚੀਨੀ ਕਰਨ ਤੋਂ ਨਹੀਂ ਸੀ ਟਲਦਾ, ਉਹ ਜਹਾਂਗੀਰ ਬਾਦਸ਼ਾਹ ਦੇ ਦਰਬਾਰ ਵਿਚ ਕਿਸ ਤਰ੍ਹਾਂ ਚੁੱਪ ਰਹਿ ਸਕਦਾ ਸੀ।

ਦਿੱਲੀ ਦੇ ਕਾਜ਼ੀ ਨੇ ਸੁਥਰੇ ਸ਼ਾਹ ਨੂੰ ਆਪਣੀ ਕਚਹਿਰੀ ਵਿਚ

ਬੁਲਾਇਆ ਅਤੇ ਬਾਦਸ਼ਾਹ ਦਾ ਫੁਰਮਾਨ ਸੁਣਾਇਆ, ਕਿ ਸ਼ਹਿਨਸ਼ਾਹ ਨੂੰ ਮੇਰੇ ਨਾਲ ਕੀ ਕੰਮ ਪੈ ਗਿਆ ਹੈ, ਮੈਨੂੰ ਤੇ ਉਨ੍ਹਾਂ ਨਾਲ ਕੋਈ ਕੰਮ ਨਹੀਂ।

ਕਾਜ਼ੀ ਨੇ ਕਿਹਾ, ਇਹ ਤੇ ਸਾਨੂੰ ਵੀ ਪਤਾ ਨਹੀਂ ਕਿ ਸ਼ਹਿਨਸ਼ਾਹ ਨੂੰ ਤੁਹਾਡੇ ਨਾਲ ਕੀ ਕੰਮ ਹੈ, ਪਰ ਤੁਹਾਨੂੰ ਜਾਣਾ ਪਵੇਗਾ। ਜੇ ਤੁਸੀਂ ਆਪ ਨਾ ਜਾਉਗੇ ਤਾਂ ਸਾਨੂੰ ਗ੍ਰਿਫਤਾਰ ਕਰਕੇ ਸਿਪਾਹੀਆਂ ਦੀ ਨਿਗਰਾਨੀ ਹੇਠ ਭੇਜਣਾ ਪਵੇਗਾ।

'ਇਸ ਨਾਲੋਂ ਹੋਰ ਚੰਗੀ ਗੱਲ ਕਿਹੜੀ ਹੋ ਸਕਦੀ ਹੈ। ਮੈਂ ਇਕੱਲਾ ਕਿਸ ਤਰ੍ਹਾਂ ਜਾ ਸਕਦਾ ਹਾਂ। ਘੱਟੋ-ਘੱਟ ਚਾਰ ਪੰਜ ਸਿਪਾਹੀ ਮੇਰੇ ਨਾਲ ਅੱਗੇ ਪਿਛੇ ਮੇਰੇ ਰਖਵਾਲੇ ਬਣ ਕੇ ਤੁਰਨ, ਆਖਰ ਪਾਤਸ਼ਾਹ ਨੂੰ ਵੀ ਪਤਾ ਲੱਗੇ ਕਿ ਮੈਂ ਵੀ ਕੁਝ ਹਾਂ।

ਜੇ ਮੈਂ ਇਕੱਲਾ ਜਾਵਾਂ ਤੇ ਮੇਰੀ ਸ਼ਾਨ ਵਿਚ ਫਰਕ ਪਵੇਗਾ। ਸੋ ਘੱਟੋ-ਘੱਟ ਚਾਰ ਪੰਜ ਸਿਪਾਹੀ ਮੇਰੇ ਨਾਲ ਜਾਣੇ ਚਾਹੀਦੇ ਹਨ।

ਕਾਜ਼ੀ ਨੇ ਕਿਹਾ, ਜੇ ਸਿਪਾਹੀ ਨਾਲ ਗਏ ਤਾਂ ਉਹ ਤੁਹਾਨੂੰ ਗ੍ਰਿਫਤਾਰ ਕਰਕੇ ਲੈ ਜਾਣਗੇ, ਆਪ ਇਸ ਤਰ੍ਹਾਂ ਅਜਾਦ ਨਹੀਂ ਜਾ ਸਕਦੇ।

'ਮੇਰਾ ਕਸੂਰ ਕੀ ਜ਼ਾਹਰ ਕਰੋਗੇ ?' ਸੁਥਰੇ ਸ਼ਾਹ ਨੇ ਕਿਹਾ।

'ਕਸੂਰ ! ਇਸ ਤੋਂ ਵੱਡਾ ਹੋਰ ਕੀ ਕਸੂਰ ਹੋ ਸਕਦਾ ਹੈ ਕਿ ਤੁਸੀਂ ਪਾਤਸ਼ਾਹ ਦਾ ਹੁਕਮ ਨਹੀਂ ਮੰਨਦੇ।' ਕਾਜ਼ੀ ਨੇ ਕਿਹਾ।

'ਪਾਤਸ਼ਾਹ ਦਾ ਹੁਕਮ ਕੌਣ ਮੋੜ ਸਕਦਾ ਹੈ। ਉਸ ਦੇ ਹੁਕਮ ਵਿਚ ਤੁਸੀਂ ਵੀ ਹੋ। ਜਦੋਂ ਸੱਦਾ ਆਇਆ, ਤੁਸੀਂ ਇਕ ਪਲ ਭਰ ਵੀ ਨਹੀਂ ਰਹਿ ਸਕਦੇ।

ਸੱਚੇ ਪਾਤਸ਼ਾਹ ਵੱਲੋਂ ਸੱਦਾ ਲਿਆਉਣ ਵਾਲਾ ਉਸੇ ਵੇਲੇ ਹੀ ਲੈ ਜਾਂਦਾ ਹੈ। ਪਰ ਅਸੀਂ ਪਾਤਸ਼ਾਹ ਦੇ ਖਾਸ ਬੰਦੇ ਹਾਂ। ਪਾਤਸ਼ਾਹ ਦੇ ਦਿਲ ਅੰਦਰ ਸਾਡਾ ਖਾਸ ਸਤਿਕਾਰ ਤੇ ਮਾਣ ਹੈ। ਪਾਤਸ਼ਾਹ ਦੀ ਦਰਗਾਹ

Sri Satguru Jagjit Singh Ji eLibrary NamdhariElibrary@gmail.com

ਵਿਚ ਜੋ ਸਾਡੀ ਇੱਜ਼ਤ ਹੋ ਸਕਦੀ ਹੈ, ਤੁਹਾਡੀ ਨਹੀਂ ਹੋ ਸਕਦੀ।' ਸੁਥਰੇ ਨੇ ਕਿਹਾ।

ਕਾਜ਼ੀ ਸੁਥਰੇ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਿਹਾ ਸੀ ਕਿ ਇਹੋ ਜਿਹੇ ਸ਼ਰਾਰਤੀ ਫਕੀਰ ਦੀ ਸਾਡਾ ਪਾਤਸ਼ਾਹ ਇੱਜ਼ਤ ਕਰਦਾ ਹੈ।

ਉਹ ਖਿਆਲ ਕਰਨ ਲੱਗਾ ਕਿ ਜੇ ਸੁਥਰੇ ਨੂੰ ਗ੍ਰਿਫਤਾਰ ਕਰਕੇ ਆਗਰੇ ਭੇਜਿਆ ਜਾਵੇ, ਕਿਤੇ ਐਸਾ ਹੀ ਨਾ ਹੋਵੇ ਕਿ ਸ਼ਹਿਨਸ਼ਾਹ ਆਲਮ ਨਾਰਾਜ਼ ਹੋ ਜਾਣ। ਇਸ ਲਈ ਕਾਜ਼ੀ ਨੇ ਪੰਜ ਘੋੜੇ ਮੰਗਵਾਏ।

ਇਕ ਘੋੜੇ ਉਤੇ ਸੁਥਰਾ ਸ਼ਾਹ ਨੂੰ ਸਵਾਰ ਕੀਤਾ ਤੇ ਚਾਰ ਘੋੜ ਸਵਾਰ ਸੁਥਰੇ ਦੇ ਨਾਲ ਦਿੱਤੇ। ਇਹ ਪੰਜ ਜਣੇ ਆਗਰੇ ਵੱਲ ਤੁਰੇ।

ਜਦੋਂ ਆਗਰੇ ਪਹੁੰਚੇ ਤਾਂ ਸੁਥਰੇ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਡੇਰਾ ਦਰਿਆ ਜਮਨਾ ਦੇ ਕੰਢੇ ਹੈ, ਇਹ ਉਨ੍ਹਾਂ ਚੋਹਾਂ ਅਸਵਾਰਾਂ ਨੂੰ ਆਪਣੇ ਨਾਲ ਹੀ ਉਸ ਪਾਸੇ ਲੈ ਗਿਆ। ਜਦੋਂ ਸਤਿਗੁਰਾਂ ਦਾ ਡੇਰਾ ਨਜ਼ਰੀ ਪਿਆ, ਸੁਥਰਾ ਸ਼ਾਹ ਤੇ ਨਾਲ ਦੇ ਘੋੜ ਸਵਾਰ ਘੋੜਿਆਂ ਤੋਂ ਉਤਰ ਖੜ੍ਹੇ ਹੋਏ।

ਘੋੜਿਆਂ ਦੀਆਂ ਵਾਂਗਾ ਹੱਥਾਂ ਵਿਚ ਫੜ ਕੇ ਹੌਲੀ-ਹੌਲੀ ਸਤਿਗੁਰਾਂ ਦੇ ਨਿਵਾਸ ਵਾਲੇ ਤੰਬੂ ਵੱਲ ਵਧਿਆ।

ਜਦੋਂ ਪੰਜੇ ਅਸਵਾਰ ਸਤਿਗੁਰਾਂ ਦੀ ਹਜ਼ੂਰੀ ਵਿਚ ਪਹੁੰਚੇ ਤਾਂ ਸੁਥਰੇ ਨੇ ਜਾਂਦਿਆਂ ਹੀ ਲੰਮੇ ਪੈ ਕੇ ਸਤਿਗੁਰਾਂ ਅੱਗੇ ਡੰਡੋਤ ਕੀਤੀ ਅਤੇ ਪੰਜਾਂ ਕੁ ਮਿੰਟਾਂ ਮਗਰੋਂ ਉਠ ਕੇ ਆਪਣੇ ਸਾਥੀਆਂ ਵੱਲ ਤੱਕਣ ਲੱਗਾ ਅਤੇ ਕਿਹਾ, 'ਤੁਹਾਨੂੰ ਪਾਤਸ਼ਾਹ ਦੇ ਹੁਕਮ ਤੇ ਸਤਿਕਾਰ ਦਾ ਪਤਾ ਨਹੀਂ ? ਤੁਸੀਂ ਮੇਰੇ ਵਾਂਗ ਸ਼ਹਿਨਸ਼ਾਹ ਅੱਗੇ ਸੱਜਦਾ ਕਿਉਂ ਨਹੀਂ ਕਰਦੇ ?'

ਇਹ ਚਾਰੇ ਜਣੇ ਮੁਸਲਮਾਨ ਸਨ। ਇਨ੍ਹਾਂ ਦੇ ਦੀਨ ਵਿਚ ਇਕ ਅੱਲਾ ਤੇ ਦੂਸਰਾ ਰਸੂਲ ਅੱਲਾ, ਦੋਹਾਂ ਅੱਗੇ ਸੱਜਦਾ ਕਰਨਾ (ਮੱਥਾ ਟੇਕਣਾ) ਤਾਂ ਜਾਇਜ਼ ਮੰਨਿਆ ਗਿਆ ਹੈ, ਪਰ ਕਿਸੇ ਹੋਰ ਅੱਗੇ ਸੱਜਦਾ ਕਰਨਾ ਗੁਨਾਹ ਸਮਝਿਆ ਜਾਂਦਾ ਹੈ। ਇਸ ਲਈ ਉਹ ਘਬਰਾ ਗਏ ਕਿ ਅਸੀਂ

Sri Satguru Jagjit Singh Ji eLibrary NamdhariElibrary@gmail.com

ਹਿੰਦੂਆਂ ਦੇ ਪੀਰ ਅੱਗੇ ਸੱਜਦਾ ਕਿਸ ਤਰ੍ਹਾਂ ਕਰ ਸਕਦੇ ਹਾਂ ?

ਸੁਥਰਾ ਬੋਲਿਆ, 'ਭਲਿਓ ਲੋਕੋ ! ਤੁਸੀਂ ਸੁਣਿਆ ਨਹੀਂ । ਤੁਸੀਂ ਸ਼ਹਿਨਸ਼ਾਹ ਅੱਗੇ ਮੇਰੇ ਵਾਂਗ ਸੱਜਦਾ ਕਿਉਂ ਨਹੀਂ ਕਰਦੇ ?'

ਉਹ ਚੁੱਪ ਚਾਪ ਖੜ੍ਹੇ ਰਹੇ । ਸਤਿਗੁਰਾਂ ਨੇ ਕਿਹਾ, "ਸੁਥਰਾ ਸ਼ਾਹ ! ਸਭ ਠੀਕ ਹੈ, ਕਿਸੇ ਨੂੰ ਜ਼ਬਰਦਸਤੀ ਸੱਜਦਾ ਕਰਨ ਲਈ ਕਹਿਣਾ ਠੀਕ ਨਹੀਂ । ਇਹ ਇਨ੍ਹਾਂ ਦਾ ਭਰੋਸਾ ਨਹੀਂ, ਇਸ ਲਈ ਇਨ੍ਹਾਂ ਨੂੰ ਮਜ਼ਬੂਰ ਨਾ ਕਰੋ ।"

ਸੁਥਰਾ ਕਹਿਣ ਲੱਗਾ, "ਪੀਰਾਂ ਦੇ ਪੀਰ ! ਦਸਤਗੀਰ ! ਆਪ ਨੂੰ ਪਤਾ ਹੈ ਬਾਬਾ ਫਰੀਦ ਸ਼ਕਰ ਗੰਜ ਨੇ ਨਿਮਾਜ਼ ਨਾ ਪੜ੍ਹਨ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ ਹਨ ਤੇ ਰਤਾ ਕੁੱਤਾ ਹੈ, ਉਨ੍ਹਾਂ ਨੇ ਫੁਰਮਾਇਆ :-

*ਬੇਨਿਵਾਜਾ ਕੁਤਿਆ ਇਹ ਨਾ ਭਲੀ ਰੀਤ ॥*
*ਕਬਹੂ ਚਲਿ ਨਾ ਆਇਆ ਪੰਜੇ ਵਖਤ ਮਸੀਤ ॥*

ਸੋ ਅੱਲਾ ਦੇ ਦਰਬਾਰ ਵਿਚ ਆ ਕੇ ਸੱਜਦਾ ਨਾ ਕਰਨਾ ਇਹ ਕੁਫਰ ਹੈ, ਮੈਂ ਨਹੀਂ ਚਾਹੁੰਦਾ ਕਿ ਮੇਰੇ ਨਾਲ ਜਿਹੜੇ ਆਏ ਹਨ, ਉਨ੍ਹਾਂ ਨੂੰ ਕੋਈ ਕਾਫਰ ਕਹੇ, ਇਸ ਲਈ ਇਨ੍ਹਾਂ ਨੂੰ ਮੱਥਾ ਟੇਕਣਾ ਹੀ ਪਵੇਗਾ ।

ਉਹ ਵਿਚਾਰੇ ਮਜ਼ਬੂਰ ਸਨ, ਅੰਤ ਉਨ੍ਹਾਂ ਨੂੰ ਵੀ ਸਤਿਗੁਰਾਂ ਅੱਗੇ ਮੱਥਾ ਟੇਕਣਾ ਹੀ ਪਿਆ । ਜਦੋਂ ਇਹ ਸਾਰੇ ਮੱਥਾ ਟੇਕ ਚੁੱਕੇ ਤਾਂ ਇਨ੍ਹਾਂ ਨੇ ਸੁਥਰੇ ਨੂੰ ਕਿਹਾ, "ਸ਼ਾਹ ਜੀ ! ਚਲੋ ਸ਼ਹਿਨਸ਼ਾਹ ਦੇ ਦਰਬਾਰ ਚੱਲੀਏ। ਸਾਨੂੰ ਕਾਜ਼ੀ ਸਾਹਿਬ ਨੇ ਇਸੇ ਲਈ ਭੇਜਿਆ ਸੀ ਕਿ ਅਸੀਂ ਤੁਹਾਨੂੰ ਸ਼ਹਿਨਸ਼ਾਹ ਦੇ ਦਰਬਾਰ ਵਿਚ ਲੈ ਜਾਈਏ ।"

ਭਲਿਓ ਲੋਕੋ ! ਅਸੀਂ ਸ਼ਹਿਨਸ਼ਾਹ ਦੇ ਦਰਬਾਰ ਵਿਚ ਤਾਂ ਪੁੱਜ ਗਏ ਹਾਂ, ਹੋਰ ਕਿਹੜਾ ਸ਼ਹਿਨਸ਼ਾਹ ਸਮਝੀ ਬੈਠੇ ਹੋ, ਜਿਸ ਦੇ ਦਰਬਾਰ ਵਿਚ ਸਾਨੂੰ ਲੈ ਜਾਣਾ ਚਾਹੁੰਦੇ ਹੋ ।

ਇਹ ਉਸ ਸ਼ਹਿਨਸ਼ਾਹ ਦਾ ਦਰਬਾਰ ਹੈ, ਜਿਸ ਦੇ ਹਜ਼ੂਰ ਹਿੰਦੁਸਤਾਨ ਦਾ ਬਾਦਸ਼ਾਹ ਜਹਾਂਗੀਰ ਆਪ ਚੱਲ ਕੇ ਆਉਂਦੇ ਹਨ ਅਤੇ ਬਾਦਸ਼ਾਹ

ਦੀ ਮਲਕਾ ਨੂਰ ਜਹਾਂ ਬੇਗਮ ਹਜ਼ੂਰ ਦੇ ਦਰਸ਼ਨਾਂ ਲਈ ਪੂਰਨਮਾਸ਼ੀ ਵਾਲੇ ਦਿਨ ਆਪ ਤਸ਼ਰੀਫ ਲਿਆ ਰਹੇ ਹਨ। ਸੋ ਅਸੀਂ ਹੋਰ ਕੋਈ ਸ਼ਹਿਨਸ਼ਾਹ ਨਹੀਂ ਸਮਝਦੇ।

ਸੁਥਰੇ ਸਾਹ ਦੇ ਇਹ ਬਚਨ ਸੁਣਕੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਮੁਸਕ੍ਰਾਏ ਅਤੇ ਫੁਰਮਾਇਆ-ਸੁਥਰੇ ਸ਼ਾਹ! ਇਹ ਠੀਕ ਹੈ ਕਿ ਸ਼ਹਿਨਸ਼ਾਹ ਹਿੰਦ ਜਹਾਂਗੀਰ ਬਾਦਸ਼ਾਹ ਸਾਡੇ ਬੜੇ ਮਿਹਰਬਾਨ ਹਨ ਤੇ ਕਦੀ-ਕਦੀ ਆਪ ਤਸ਼ਰੀਫ ਲੈ ਆਉਂਦੇ ਹਨ।

ਇਸ ਲਈ ਤੁਹਾਡਾ ਵੀ ਫਰਜ਼ ਬਣਦਾ ਹੈ ਕਿ ਤੁਸੀਂ ਵੀ ਉਨ੍ਹਾਂ ਦੇ ਦਰਸ਼ਨ ਕਰੋ।

ਸੁਥਰਾ ਸ਼ਾਹ ਨੇ ਸਤਿਗੁਰਾਂ ਅੱਗੇ ਨਮਸਕਾਰ ਕੀਤੀ ਅਤੇ ਪੰਜੇ ਜਣੇ ਸ਼ਹਿਨਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਪਹੁੰਚੇ। ਜਦੋਂ ਸ਼ਹਿਨਸ਼ਾਹ ਨੂੰ ਪਤਾ ਲੱਗਾ ਕਿ ਸੁਥਰਾ ਸ਼ਾਹ ਆਇਆ ਹੈ ਤਾਂ ਉਨ੍ਹਾਂ ਨੇ ਉਸ ਨੂੰ ਸਤਿਕਾਰ ਨਾਲ ਬਿਠਾਇਆ ਅਤੇ ਨਾਲ ਆਏ ਸਿਪਾਹੀਆਂ ਨੂੰ ਵਿਦਾ ਕੀਤਾ।

ਬਾਦਸ਼ਾਹ ਨੇ ਸੁਥਰੇ ਸ਼ਾਹ ਨੂੰ ਕਿਹਾ, "ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਇਸਲਾਮ ਦੀ ਤੇ ਹਿੰਦੂ ਧਰਮ ਦੀ ਵਿਰੋਧਤਾ ਕਰਦੇ ਹੋ। ਇਹ ਠੀਕ ਨਹੀਂ।"

ਸੁਥਰੇ ਨੇ ਕਿਹਾ, ਸਰਕਾਰ! ਅਸੀਂ ਧਰਮ ਜਾਂ ਈਮਾਨ ਦੀ ਵਿਰੋਧਤਾ ਨਹੀਂ ਕਰਦੇ ਸਗੋਂ ਪਾਖੰਡ, ਬੇਇਨਸਾਫੀ ਤੇ ਕੁਫਰ ਦੀ ਵਿਰੋਧਤਾ ਕਰਦੇ ਹਾਂ। ਖੁਦਾ ਅੱਗੇ ਸਿਰ ਝੁਕਾਂਦੇ ਹਾਂ, ਇਨਸਾਨੀ ਜਿਸਮ ਖੁਦਾ ਦਾ ਘਰ ਹੈ।

ਹਰ ਇਨਸਾਨ ਅੱਗੇ ਸਿਰ ਝੁਕਾਉਂਦੇ ਹਾਂ, ਪਰ ਖੁਦਾ ਦਾ ਘਰ ਇੱਟਾਂ ਜਾਂ ਪੱਥਰਾਂ ਦਾ ਨਹੀਂ, ਉਹ ਹਰ ਜਗ੍ਹਾ ਮੌਜੂਦ ਹੈ। ਕਾਜ਼ੀ ਸਾਹਿਬ ਨੇ ਕਿਹਾ ਸੀ ਕਿ ਤੂੰ ਖੁਦਾ ਦੇ ਘਰ ਬੇਇੱਜ਼ਤੀ ਕਰ ਸਕਦਾ ਹੈਂ ?

ਸਗੋਂ ਕਾਜ਼ੀ ਸਾਹਿਬ ਨੇ ਇਸ (ਮੇਰੇ ਸਰੀਰ) ਖੁਦਾ ਦੇ ਮੰਦਰ ਦੀ ਬੇਇੱਜ਼ਤੀ ਕੀਤੀ ਹੈ, ਉਨ੍ਹਾਂ ਨੇ ਕੁਫਰ ਕੀਤਾ ਹੈ, ਉਨ੍ਹਾਂ ਨੂੰ ਸਜਾ ਮਿਲਣੀ

Sri Satguru Jagjit Singh Ji eLibrary NamdhariElibrary@gmail.com

ਚਾਹੀਦੀ ਹੈ ।

ਸੁਥਰੇ ਦੀਆਂ ਖਰੀਆਂ-ਖਰੀਆਂ ਸੁਣ ਕੇ ਸ਼ਹਿਨਸ਼ਾਹ ਹਿੰਦ ਜਹਾਂਗੀਰ ਬਾਦਸ਼ਾਹ ਹੱਸ ਪਏ ਅਤੇ ਕਿਹਾ ਕਿ ਜੋ ਮੁਰਾਦ ਚਾਹੋ ਮੰਗ ਲਵੋ । ਸੁਥਰੇ ਨੇ ਕਿਹਾ, ਇਕ ਹੁਕਮਨਾਮਾ ਲਿਆ ਦਿਉ ਕਿ ਸਾਰੇ ਮੁਲਕ ਵਿਚ ਜਿਸ ਹਕੀਮ ਕੋਲ ਜਾਂ ਦਵਾ ਦਾਰੂ ਦੱਸਣ ਵਾਲੇ ਕੋਲ ਮੈ ਜਾਂਵਾਂ, ਉਹ ਆਪ ਦੇ ਹੁਕਮ ਅਨੁਸਾਰ ਇਸ ਫਕੀਰ ਨੂੰ ਇਕ ਰੁਪਿਆ ਭੇਟਾ ਕਰੇ ।

ਬਾਦਸ਼ਾਹ ਨੇ ਮੀਰ ਮੁਨਸ਼ੀ ਕੋਲੋ ਇਹ ਹੁਕਮ ਲਿਖਵਾ ਕੇ ਦੇ ਦਿੱਤਾ। ਸੁਥਰਾ ਸ਼ਾਹ ਨੇ ਬਾਦਸ਼ਾਹ ਦਾ ਧੰਨਵਾਦ ਕੀਤਾ ਤੇ ਹੁਕਮਨਾਮਾ ਲੈ ਕੇ ਪਹਿਲਾਂ ਆਗਰੇ ਦੇ ਬਾਜ਼ਾਰਾਂ ਵਿਚ ਫਿਰਨ ਲੱਗਾ। ਕਿਸੇ ਕੋਲ ਜਾ ਬੈਠੇ ਕਿ ਮੈਨੂੰ ਕਬਜ਼ੀ ਹੋ ਗਈ ਹੈ ।

ਉਹ ਅੱਗੋਂ ਨੁਖਸਾ ਦੱਸ ਦੇਵੇ । ਇਹ ਉਸੇ ਨੂੰ ਫੜ ਬੈਠੇ ਕਿ ਤੂੰ ਹਕੀਮ ਹੈਂ, ਮੈਨੂੰ ਨੁਖਸਾ ਦੱਸਿਆ ਹੈ । ਇਹ ਬਾਦਸ਼ਾਹ ਦਾ ਹੁਕਮਨਾਮਾ ਹੈ, ਇਸ ਲਈ ਇਕ ਰੁਪਿਆ ਦੇ ਦਿਉ ।

ਇਸ ਤਰ੍ਹਾਂ ਉਹ ਹਰ ਇਕ ਹਕੀਮ ਕੋਲ ਚਲਾ ਜਾਵੇ ਤੇ ਹਰ ਰੋਜ਼ ਕਿਸੇ ਨਾ ਕਿਸੇ ਕੋਲੋਂ ਆਪਣੇ ਖਰਚ ਲਈ ਰੁਪਿਆ ਲੈ ਲਵੇ । ਇਸ ਤਰ੍ਹਾਂ ਸੁਥਰੇ ਸ਼ਾਹ ਨੇ ਆਪਣੇ ਖਰਚ ਲਈ ਇਕ ਰੁਪਿਆ ਪ੍ਰਾਪਤ ਕਰਨ ਦਾ ਢੰਗ ਬਣਾ ਲਿਆ ।

ਇਕ ਦਿਨ ਸੁਥਰਾ ਸ਼ਾਹ ਦਿੱਲੀ ਦੇ ਇਕ ਸੇਠ ਕੋਲ ਚਲਾ ਗਿਆ। ਉਸ ਦੀ ਬਾਬਤ ਇਹ ਗੱਲ ਪ੍ਰਸਿੱਧ ਸੀ ਕਿ ਉਹ ਕਿਸੇ ਨੂੰ ਇਕ ਪੈਸਾ ਦੀ ਦਵਾਲ ਨਹੀਂ, ਉਹ ਅਤਿ ਦਰਜੇ ਦਾ ਸੂਮ ਹੈ ਤੇ ਆਏ ਗਏ ਸਾਧ ਸੰਤ ਦਾ ਨਿਰਾਦਰ ਕਰਕੇ ਤੋਰ ਦੇਂਦਾ ਹੈ ।

ਇਸ ਸੇਠ ਦਾ ਸੁਧਾਰ ਕਰਨ ਲਈ ਹੀ ਸੁਥਰਾ ਸ਼ਾਹ ਉਸ ਕੋਲ ਗਿਆ ਸੀ । ਇਸ ਨੇ ਜਾਂਦਿਆਂ ਹੀ ਸੇਠ ਦੀ ਦੁਕਾਨ ਅੱਗੇ, 'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ' ਦਾ ਵਾਕ ਉਚਾਰਿਆ ਤੇ ਉਸ ਦੀ ਦੁਕਾਨ ਦੇ ਥੜ੍ਹੇ ਉਤੇ ਬੈਠ ਗਿਆ ।

Sri Satguru Jagjit Singh Ji eLibrary NamdhariElibrary@gmail.com

ਸੇਠ ਨੇ ਸਮਝਿਆ ਕਿ ਇਹ ਕੋਈ ਸੌਦਾ ਲੈਣ ਆਇਆ ਹੈ, ਇਸ ਲਈ ਬੜੇ ਪਿਆਰ ਨਾਲ ਪੁੱਛਣ ਲੱਗਾ, 'ਆਉ ਜੀ ! ਕੀ ਚਾਹੀਦਾ ਹੈ ?

'ਤੁਹਾਡੀ ਜਾਨ ।' ਸੁਥਰੇ ਨੇ ਉੱਤਰ ਦਿੱਤਾ ।

'ਹੈਂ ! ਇਹ ਕੀ ?' ਸ਼ਾਹ ਨੇ ਹੈਰਾਨੀ ਨਾਲ ਕਿਹਾ ।

ਸੁਥਰੇ ਨੇ ਉੱਤਰ ਦਿੱਤਾ, 'ਸੇਠ ਜੀ ! ਮੈਂ ਸੱਚੇ ਪਾਤਸ਼ਾਹ ਵੱਲੋਂ ਭੇਜਿਆ ਹੋਇਆ ਜਮਦੂਤ ਹਾਂ। ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ। ਤੁਸੀਂ ਕਦੀ ਜਮਦੂਤ ਨਹੀਂ ਦੇਖੇ ?'

'ਹਾਂ ! ਹਾਂ ! ਜਮਦੂਤਾਂ ਦਾ ਨਾਂ ਤੇ ਸੁਣਿਆ ਹੋਇਆ ਏ, ਪਰ ਉਹ ਤੇ ਕਿਸੇ ਨੂੰ ਵਿਖਾਈ ਨਹੀਂ ਦੇਂਦੇ। ਕਹਿੰਦੇ ਨੇ, ਜਿਨ੍ਹਾਂ ਦੀ ਜਾਨ ਨਿਕਲਣ ਲੱਗੇ, ਸਿਰਫ ਉਨ੍ਹਾਂ ਨੂੰ ਉਸ ਵੇਲੇ ਹੀ ਨਜ਼ਰ ਆਉਂਦੇ ਹਨ, ਬਾਕੀਆਂ ਨੂੰ ਨਹੀਂ ।' ਸ਼ਾਹ ਨੇ ਘਬਰਾਹਟ ਵਿਚ ਉੱਤਰ ਦਿੱਤਾ ।

'ਮੈਂ ਵੀ ਤੁਹਾਨੂੰ ਨਜ਼ਰ ਆ ਰਿਹਾ ਹਾਂ, ਜਮਦੂਤ ਜੂ ਹੋਇਆ, ਬਾਕੀ ਹੋਰ ਕਿਸੇ ਨੂੰ ਨਜ਼ਰ ਵੀ ਨਹੀਂ ਆ ਰਿਹਾ ਹਾਂ।' ਸੁਥਰੇ ਨੇ ਬੜੀ ਗੰਭੀਰਤਾ ਨਾਲ ਕਿਹਾ ।

'ਕਿਉਂ ਤੁਸੀਂ ਤੇ ਮੇਰੇ ਸਾਹਮਣੇ ਖੜ੍ਹੇ ਹੋ । ਬਾਕੀਆਂ ਨੂੰ ਵੀ ਤੇ ਦਿੱਸ ਹੀ ਰਹੇ ਹੋਵੋਗੇ ਨਾ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੁਸੀਂ ਮੈਨੂੰ ਹੀ ਦਿਸਦੇ ਹੋਵੋ ਤੇ ਬਾਕੀਆਂ ਨੂੰ ਨਹੀਂ ?' ਭਲਾ ਮੈਂ ਗਮੇ ਸ਼ਾਹ ਨੂੰ ਅਵਾਜ਼ ਮਾਰ ਕੇ ਪੁੱਛਾਂ ?'

ਸੇਠ ਨੇ ਕਿਹਾ ।

ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਜਮਦੂਤ ਹਰ ਇਕ ਦੇ ਸਾਹਮਣੇ ਹੋ ਜਾਵੇ । ਹਾਂ, ਪਾਤਸ਼ਾਹ ਦੇ ਹੁਕਮ ਨਾਲ ਜਿਸ ਦੀ ਜਾਨ ਲੈਣੀ ਹੋਵੇ ਉਸ ਨੂੰ ਹੀ ਦਿੱਸਦੇ ਹਾਂ ।

ਹਾਂ, ਤੂੰ ਬੇਸ਼ੱਕ ਗਮੇ ਦੇ ਸ਼ਾਹ ਨੂੰ ਇਕ ਅਵਾਜ਼ ਮਾਰ ਕੇ ਪੁੱਛ ਲੈ, ਪਰ ਅਵਾਜ਼ ਮਾਰਦਿਆਂ ਹੀ ਤੇਰੇ ਪ੍ਰਾਣ ਨਿਕਲ ਜਾਣਗੇ । ਇਹ ਗੱਲ

Sri Satguru Jagjit Singh Ji eLibrary NamdhariElibrary@gmail.com

ਯਾਦ ਰੱਖ।'

ਇਹ ਗੱਲ ਸੁਣਦਿਆਂ ਹੀ ਉਹ ਸੇਠ ਚੁੱਪ ਹੋ ਗਿਆ ਤੇ ਥਰ-ਥਰ ਕੰਬਣ ਲੱਗ ਪਿਆ। ਹੁਣ ਉਸ ਨੂੰ ਇਕ ਵੀ ਗੱਲ ਨਹੀਂ ਸੀ ਅਹੁੜਦੀ ਕਿ ਉਹ ਕੀ ਕਰੇ।

ਉਹ ਹੱਕਾ-ਬੱਕਾ ਹੋ ਗਿਆ ਤੇ ਬਿਤਰ-ਬਿਤਰ ਸੁਥਰੇ ਸ਼ਾਹ ਵੱਲ ਦੇਖੀ ਜਾ ਰਿਹਾ ਸੀ। ਕਦੀ ਦਿਲ ਕਰਦਾ ਕਿ ਉਹ ਆਪਣੇ ਗੁਆਂਢੀ ਰਾਮੇ ਸ਼ਾਹ ਨੂੰ ਅਵਾਜ਼ ਮਾਰ ਲਵੇ, ਪਰ ਫੇਰ ਡਰ ਜਾਂਦਾ ਕਿ ਕਿਤੇ ਮੇਰੇ ਪ੍ਰਾਣ ਹੀ ਨਾ ਨਿਕਲ ਜਾਣ।

ਉਹ ਬੜਾ ਸਹਿਮਿਆ ਹੋਇਆ ਸੀ। ਅੰਤ ਬੋਲਿਆ, 'ਮਹਾਰਾਜ! ਮਹਾਰਾਜ! ਤੈਨੂੰ ਭੁਲੇਖਾ ਲੱਗਾ ਹੋਣਾ ਏ। ਸੱਚੇ ਪਾਤਸ਼ਾਹ ਨੇ ਕਿਸੇ ਹੋਰ ਦੀ ਜਾਨ ਲੈਣ ਲਈ ਭੇਜਿਆ ਹੋਣਾ ਏਂ, ਤੁਸੀਂ ਐਵੇ ਹੀ ਮੇਰੇ ਵੱਲ ਆ ਗਏ ਹੋ।'

'ਹੈਂ, ਇਹ ਕੀ ? ਅਸੀਂ ਭੁੱਲ ਸਕਦੇ ਹਾਂ। ਸੱਚੇ ਪਾਤਸ਼ਾਹ ਭੁੱਲ ਸਕਦੇ ਹਨ ਉਨਾਂ ਨੇ ਕਿਹਾ ਹੈ ਕਿ ਸੇਠ ਦੌਲਤ ਰਾਮ ਬੜਾ ਸੂਮ ਹੈ, ਉਸ ਨੇ ਕਦੀ ਕਿਸੇ ਆਏ ਗਏ ਸੰਤ ਮਹਾਤਮਾ ਜਾਂ ਗਰੀਬ ਦੀ ਸੇਵਾ ਨਹੀਂ ਕੀਤੀ। ਉਸ ਦੀ ਮਿਆਦ ਪੁੱਗ ਗਈ ਹੈ, ਉਸ ਨੂੰ ਲੈ ਆਉ।

ਸੋ ਅਸੀਂ ਸੱਚੇ ਪਾਤਸ਼ਾਹ ਦੇ ਹੁਕਮ ਨਾਲ ਤੁਹਾਨੂੰ ਲੈਣ ਲਈ ਆਏ ਹਾਂ। ਦੇਖਣਾ ਹੁਣ ਗੁਰਜਾਂ ਵਾਲੇ ਜਮਦੂਤ ਵੀ ਸਾਡੇ ਮਗਰ ਆ ਰਹੇ ਹਨ, ਉਨ੍ਹਾਂ ਨੇ ਇਕ ਮਿੰਟ ਵੀ ਨਹੀਂ ਲਾਉਣਾ।' ਸੁਥਰੇ ਨੇ ਮੱਥੇ 'ਤੇ ਤਿਊੜੀ ਪਾ ਕੇ ਕਿਹਾ।

'ਰਾਮ! ਰਾਮ! ਰਾਮ! ਮਹਾਰਾਜ ਇਹ ਤੁਸੀਂ ਕੀ ਪਏ ਕਹਿੰਦੇ ਹੋ। ਮੈਂ ਬੜਾ ਦਾਨੀ ਹਾਂ, ਜੋ ਚਾਹੋ, ਹੁਣੇ ਲੈ ਜਾਉ। ਜਮਦੂਤ ਤੇ ਪਾਪੀਆਂ ਲਈ ਹੁੰਦੇ ਹਨ।

ਮੈਂ ਬੜਾ ਧਰਮਾਤਮਾ ਹਾਂ। ਜੇ ਕਹੋ ਮੈਂ ਹੁਣੇ ਇਕ ਰੁਪਏ ਦਾ ਪ੍ਰਸ਼ਾਦਿ ਮੰਦਰ ਜਾ ਕੇ ਚੜ੍ਹਾ ਕੇ ਆਉਂਦਾ ਹਾਂ।' ਸੇਠ ਨੇ ਕਿਹਾ।

Sri Satguru Jagjit Singh Ji eLibrary NamdhariElibrary@gmail.com

ਰਤਾ ਜਮਦੂਤਾਂ ਨੂੰ ਵੀ ਆ ਲੈਣ ਦੇ, ਤੈਨੂੰ ਮੰਦਰ ਜਾਣ ਕਿਨ ਦੇਣਾ ਏਂ ? ਦੇਖ ! ਤੈਨੂੰ ਤੇ ਕਿਸੇ ਨੇ ਘਰ ਵੀ ਨਹੀਂ ਜਾਣ ਦੇਣਾ, ਤੇਰੇ ਘਰ ਵਾਲੇ ਏਥੇ ਹੀ ਆਉਣਗੇ ।'

ਅਜੇ ਸੁਥਰਾ ਸ਼ਾਹ ਏਨੀ ਗੱਲ ਕਹਿ ਹੀ ਰਿਹਾ ਸੀ ਕਿ ਇਕ ਕਾਲਾ ਜਿਹਾ ਪਠਾਣ ਉਸ ਸੇਠ ਦੀ ਹੱਟੀ ਅੱਗੇ ਸੌਦਾ ਲੈਣ ਆ ਗਿਆ। ਸੇਠ ਚੀਕ ਮਾਰ ਕੇ ਪਿਛੇ ਡਿੱਗ ਪਿਆ ।

ਸੁਥਰੇ ਨੇ ਉਸ ਨੂੰ ਬਾਹੋਂ ਫੜ ਕੇ ਉਠਾਲਿਆ ਤੇ ਕਿਹਾ, ਆਪਣੀ ਧਰਮ ਦੀ ਕਮਾਈ ਵਿਚੋਂ ਸਵਾ ਰੁਪਿਆ ਹਰ ਰੋਜ਼ ਦਾਨ ਕਰਿਆ ਕਰ, ਫੇਰ ਤੇਰੀ ਉਮਰ ਵਧ ਜਾਏਗੀ ।

ਸੇਠ ਨੇ ਉਸੇ ਵੇਲੇ ਸਵਾ ਰੁਪਿਆ ਸੁਥਰੇ ਅੱਗੇ ਰੱਖ ਕੇ ਮੱਥਾ ਟੇਕਿਆ। ਸੁਥਰਾ ਸ਼ਾਹ ਨੇ ਸਵਾ ਰੁਪਿਆ ਲਿਆ ਤੇ

'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ ।'

ਕਹਿ ਕੇ ਤੁਰਦਾ ਹੋਇਆ ।

ਉਸ ਦੇ ਜਾਣ ਮਗਰੋਂ ਜਦੋਂ ਉਸ ਪਠਾਣ ਨੇ ਪੈਸੇ ਦੇ ਕੇ ਸੌਦਾ ਲਿਆ ਤਾਂ ਉਸ ਦੀ ਜਾਨ ਵਿਚ ਜਾਨ ਪਈ ਕਿ ਉਹ ਜਮਦੂਤ ਨਹੀਂ ਸੀ । ਪਤਾ ਲੱਗਾ ਕਿ ਉਹ ਸੁਥਰਾ ਸੀ, ਜੋ ਜਹਾਂਗੀਰ ਪਾਤਸ਼ਾਹ ਦਾ ਹੁਕਮ ਲਈ ਫਿਰਦਾ ਹੈ ।

***

## ੬

# ਜਹਾਂਗੀਰ ਪਾਤਸ਼ਾਹ ਦਾ ਮਹੱਲ

ਅਗਲੇ ਦਿਨ ਸੁਥਰਾ ਸ਼ਾਹ ਜਹਾਂਗੀਰ ਦੇ ਮਹੱਲ ਵਿਚ ਗਿਆ। ਇਸ ਸਮੇਂ ਜਹਾਂਗੀਰ ਬਾਦਸ਼ਾਹ, ਮਲਕਾ ਨੂਰ ਜਹਾਂ ਤੇ ਉਨ੍ਹਾਂ ਦੇ ਦੋ ਅਹਿਲਕਾਰ ਬੈਠੇ ਸਨ।

ਸੁਥਰੇ ਸ਼ਾਹ ਨੂੰ ਆਉਂਦਿਆ ਦੇਖ ਕੇ ਮਲਕਾ ਨੂਰ ਜਹਾਂ ਹੱਸ ਪਈ ਤੇ ਕਹਿਣ ਲੱਗੀ ਕਿ ਇਹ ਵੀ ਇਕ ਅਜੀਬ ਇਨਸਾਨ ਹੈ, ਜੋ ਬੜੀ ਬੇਪ੍ਰਵਾਹੀ ਨਾਲ, ਜਿਥੇ ਦਿਲ ਕਰਦਾ ਹੈ ਜਾ ਪਹੁੰਚਦਾ ਹੈ, ਇਹ ਕਿਸੇ ਕੋਲੋਂ ਵੀ ਨਹੀਂ ਡਰਦਾ, ਬੇ-ਖੌਫ ਹੋ ਕੇ ਹਰ ਜਗ੍ਹਾ ਪਹੁੰਚ ਜਾਂਦਾ ਹੈ।

ਮਲਕਾ ਦੀ ਇਹ ਗੱਲ ਸੁਣ ਕੇ ਜਹਾਂਗੀਰ ਬਾਦਸ਼ਾਹ ਵੀ ਹੱਸ ਕੇ ਕਹਿਣ ਲੱਗੇ, "ਕੀ ਮਲਕਾ-ਏ ਜ਼ਮਾਂ ਨੂੰ ਪਤਾ ਏ ਕਿ ਇਹ ਫਕੀਰ ਕਿਸ ਦਾ ਮੁਰੀਦ ਹੈ ?"

'ਨਹੀਂ, ਇਸ ਦਾ ਕੋਈ ਪਤਾ ਨਹੀਂ ਹੈ ਕਿ ਇਹ ਕਿਸ ਦਾ ਮੁਰੀਦ ਹੈ ? ਇਹ ਹੈ ਤੇ ਹਿੰਦੂ ਪਰ ਮੁਸਲਮਾਨਾਂ ਦੇ ਘਰ ਦਾ ਵੀ ਖਾ ਲੈਂਦਾ ਹੈ, ਪਰ ਗੋਸ਼ਤ ਨਹੀਂ ਖਾਂਦਾ। ਅੱਜ ਇਸ ਨਾਲ ਮਖੌਲ ਕਰਨਾ ਚਾਹੀਦਾ ਹੈ।'

ਅਜੇ ਮਲਕਾ ਦੇ ਮੂੰਹ ਵਿਚ ਇਹ ਸ਼ਬਦ ਹੀ ਸਨ ਕਿ ਸੁਥਰੇ ਨੇ ਬੜੇ ਅਦਬ ਤੇ ਸਤਿਕਾਰ ਨਾਲ ਮਲਕਾ ਅੱਗੇ ਝੁਕ ਕੇ ਤਿੰਨ ਵਾਰ ਸਲਾਮ ਕੀਤੀ ਅਤੇ ਬਾਦਸ਼ਾਹ ਦੇ ਸਾਹਮਣੇ ਬੁੱਤ ਬਣ ਕੇ ਖਲੋ ਗਿਆ।

ਬਾਦਸ਼ਾਹ ਨੇ ਕਿਹਾ, 'ਕਿਉਂ ਸ਼ਾਹ ਸਾਹਿਬ ! ਕੀ ਗੱਲ ਐ ? ਉਹ

Sri Satguru Jagjit Singh Ji eLibrary NamdhariElibrary@gmail.com

ਸ਼ਾਹੀ ਫ਼ੁਰਮਾਨ, ਜੋ ਤੁਸੀਂ ਲੈ ਕੇ ਗਏ ਸੀ, ਉਹ ਠੀਕ ਤਰ੍ਹਾਂ ਕੰਮ ਕਰ ਰਿਹਾ ਏ ਨਾ ?'

'ਹਜ਼ੂਰ ਦੇ ਹੁਕਮ ਦੀ ਨਾ ਫ਼ੁਰਮਾਨੀ ਕਰਨ ਦੀ ਕਿਸੇ ਦੀ ਮਜਾਲ ਹੈ ?' ਮੈਂ ਜਿਸ ਹਕੀਮ ਕੋਲ ਜਾਂਦਾ ਹਾਂ, ਉਹ ਫੋਰਨ ਇਕ ਰੁਪਿਆ ਪੇਸ਼ ਕਰ ਦਿੰਦਾ ਹੈ ।

ਸ਼ਹਿਨਸ਼ਾਹ ਏ-ਹਿੰਦੁਸਤਾਨ ਦਾ ਹੁਕਮ, ਮੇਰੇ ਸੱਚੇ ਸ਼ਹਿਨਸ਼ਾਹ ਦੀ ਰਹਿਮਤ ਤੇ ਰੱਬ ਦੀ ਸਵੱਲੀ ਨਜ਼ਰ ਹੋਵੇ ਤਾਂ ਇਸ ਬੰਦੇ ਨੂੰ ਕਿਸ ਗੱਲ ਦੀ ਤੰਗੀ ਰਹਿ ਸਕਦੀ ਹੈ । ਪਰ ਮੇਰੇ ਸ਼ਹਿਨਸ਼ਾਹ ! ਮੈਂ ਇਕ ਅਰਜ ਕਰਨਾ ਚਾਹੁੰਦਾ ਹਾਂ । ਕਈਆਂ ਨੂੰ ਸ਼ਕਾਇਤ ਹੈ ਕਿ ਮੈਂ ਗੋਸ਼ਤ ਨਹੀਂ ਖਾਂਦਾ ।

ਪਰ ਮੈਂ ਸੋਚਦਾ ਹਾਂ ਕਿ ਗੋਸ਼ਤ, ਮੈਂ ਗੋਸ਼ਤ ਕਿਉਂ ਨਹੀਂ ਖਾਂਦਾ, ਮੇਰਾ ਦਿਲ ਅਵਾਜ਼ ਦੇਂਦਾ ਹੈ, ਜੇ ਗੋਸ਼ਤ ਖਾਣਾ ਚਾਹੁੰਦਾ ਹੈਂ ਤਾਂ ਗਊ, ਸੂਰ ਤੇ ਲੇਲੇ ਦਾ ਰਲਾ ਕੇ ਖਾਹ, ਤਾਂ ਜੋ ਕਿਸੇ ਨੂੰ ਵੀ ਇਤਰਾਜ ਨਾ ਹੋਵੇ ।

ਅਜੇ ਸੁਥਰਾ ਇਹ ਕਹਿ ਹੀ ਰਿਹਾ ਸੀ, ਕਿ ਮਲਕਾ ਸਮਝ ਗਈ ਕਿ ਅਸੀਂ ਇਸ ਨਾਲ ਜੋ ਮਖੌਲ ਕਰਨਾ ਚਾਹੁੰਦੇ ਸਾਂ, ਇਹ ਆਪੇ ਹੀ ਸਮਝ ਗਿਆ ਹੈ ।

ਸੁਥਰੇ ਦੀ ਇਹ ਗੱਲ ਸੁਣ ਕੇ ਮਲਕਾ ਨੇ ਕਿਹਾ, 'ਹਾਂ, ਤੁਸੀਂ ਇਕ ਦਿਨ ਜਾਨਵਰ ਦਾ, ਦੂਜੇ ਦਿਨ ਦੂਜੇ ਦਾ ਅਤੇ ਤੀਜੇ ਦਿਨ ਤੀਜੇ ਦਾ ਖਾ ਸਕਦੇ ਹੋ ।'

ਇਹ ਗੱਲ ਸੁਣਦਿਆਂ ਹੀ ਸੁਥਰਾ ਕਹਿਣ ਲੱਗਾ, ਜਿਸ ਦਿਨ ਅਸੀਂ ਸੂਰ ਦਾ ਮਾਸ ਖਾਂਵਾਂਗੇ, ਮੁਸਲਮਾਨ ਸਾਡੇ ਨਾਲ ਨਫਰਤ ਕਰਨਗੇ ।

ਜੇ ਅਗਲੇ ਦਿਨ ਗਊ ਦਾ ਮਾਸ ਖਾਧਾ ਤਾਂ ਹਿੰਦੂ ਨਾਰਾਜ਼ ਹੋ ਜਾਣਗੇ, ਪਰ ਜੇ ਦੋਵੇਂ ਰਲਾ ਕੇ ਖਾਧੇ ਜਾਣ ਤਾਂ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਵੇਗਾ ।

Sri Satguru Jagjit Singh Ji eLibrary NamdhariElibrary@gmail.com

'ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੁਹਾਡੇ ਲਈ ਕੋਈ ਦੋਹਾਂ ਤਰ੍ਹਾਂ ਦਾ ਗੋਸ਼ਤ ਤਿਆਰ ਕਰੇ ?' ਇਕ ਅਹਿਲਕਾਰ ਨੇ ਕਿਹਾ।

ਸੁਥਰਾ ਕਹਿਣ ਲੱਗਾ, "ਮੈਂ ਏਸੇ ਲਈ ਤੇ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਆਇਆ ਹਾਂ ਕਿ ਮਲਕਾ-ਏ-ਹਿੰਦੁਸਤਾਨ ਮੇਰੀ ਇਹ ਖਾਹਸ਼ ਪੂਰੀ ਕਰਨਗੇ।'

ਮਲਕਾ ਹੱਸ ਪਈ ਤੇ ਪੁੱਛਿਆ, "ਸ਼ਾਹ ਜੀ ! ਸਾਨੂੰ ਅਜੇ ਤਕ ਪਤਾ ਨਹੀਂ ਕਿ ਤੁਸੀਂ ਕਿਸ ਦੇ ਮੁਰੀਦ ਹੋ ?"

"ਹੁਸਨ ਦੇ ਅਸਤਾਰ ਫ਼ਰਿਸ਼ਤਾ-ਏ-ਦੋ ਜਹਾਂ, ਸ਼ਹਿਨਸ਼ਾਹ-ਏ-ਆਲਮ, ਲੋਕ ਪਰਲੋਕ ਦੇ ਮਾਲਕ, ਸੱਚੀ ਸਰਕਾਰ ਦਾ ਮੈਂ ਨਾਚੀਜ਼ ਸੇਵਕ ਹਾਂ।"

ਸੁਥਰੇ ਸ਼ਾਹ ਨੇ ਉੱਤਰ ਦਿੱਤਾ, ਅਤੇ ਕਹਿਣ ਲੱਗਾ, 'ਕਿ ਜੇ ਮਲਕਾ-ਏ ਜ਼ਮਾਂ ਇਕ ਵਾਰੀ ਉਸ ਸ਼ਹਿਨਸ਼ਾਹ ਦਾ ਦੀਦਾਰ ਕਰ ਲੈਣ ਤਾਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ।'

ਮਲਕਾ ਨੂਰ ਜਹਾਂ ਹੈਰਾਨ ਸੀ ਕਿ ਇਹ ਕਿਸ ਦੀਆਂ ਗੱਲਾਂ ਕਰਦਾ ਪਿਆ ਏ। ਜਹਾਂਗੀਰ ਬਾਦਸ਼ਾਹ ਨੇ ਕਿਹਾ, ਇਹ ਗੁਰੂ ਨਾਨਕ ਪਾਤਸ਼ਾਹ ਦੇ ਰੂਹਾਨੀ ਤਖ਼ਤ ਦੇ ਛੇਵੇਂ ਸ਼ਹਿਨਸ਼ਾਹ ਦਾ ਜ਼ਿਕਰ ਕਰ ਰਿਹਾ ਹੈ, ਜੋ ਸਾਡੇ ਬੜੇ ਮਿਹਰਬਾਨ ਹਨ, ਜਿਨ੍ਹਾਂ ਦਾ ਆਪ ਨੇ ਦਰਸ਼ਨ ਕੀਤਾ ਹੋਇਆ ਏ।

ਸ਼ਹਿਨਸ਼ਾਹ-ਏ-ਆਲਮ ਰੱਬ ਦੇ ਪੈਗੰਬਰਾਂ ਦਾ ਦਰਸ਼ਨ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ।

ਇਹੋ ਜਿਹੇ ਫਕੀਰ ਸ਼ਹਿਨਸ਼ਾਹ ਦੇ ਦਰਸ਼ਨ ਕਰਨ ਲਈ ਉਨ੍ਹਾਂ ਦੀ ਹਜ਼ੂਰੀ ਵਿਚ ਗਿਆਂ ਹੀ ਪਤਾ ਲੱਗਦਾ ਹੈ ਕਿ ਉਹ ਕੀ ਹਨ ? ਕੌਣ ਹਨ ? ਖ਼ੁਦਾ ਤੇ ਉਨ੍ਹਾਂ ਵਿਚ ਕੀ ਫਰਕ ਹੈ ? ਸੁਥਰੇ ਨੇ ਕਿਹਾ।

ਅੱਛਾ, ਹਮ ਆਪ ਕੇ ਪੀਰ ਕਾ ਨਿਆਜ਼ ਹਾਸਲ ਕਰੇਂਗੇ। ਮਲਕਾ ਨੇ ਕਿਹਾ, 'ਪਰਸੋਂ ਹਮ ਖ਼ੁਦ ਉਨ ਕੇ ਪਾਸ ਜਾਏਂਗੇ।

Sri Satguru Jagjit Singh Ji eLibrary NamdhariElibrary@gmail.com

ਸੁਥਰੇ ਨੇ ਬੜੀ ਨਿਮਰਤਾ ਨਾਲ ਕਿਹਾ, ਮਲਕਾ-ਏ-ਜ਼ਮਾਂ ਇਹ ਠੀਕ ਹੈ ਕਿ ਆਪ ਹਿੰਦੁਸਤਾਨ ਦੀ ਮਲਕਾ ਹੋ, ਪਰ ਕਿਸੇ ਪੀਰ, ਫਕੀਰ, ਪੈਗੰਬਰ ਕੋਲ ਸ਼ਹਿਨਸ਼ਾਹੀ ਸ਼ਾਨ ਸ਼ੌਕਤ ਨਾਲ ਨਹੀਂ ਜਾਣਾ ਚਾਹੀਦਾ।

ਸਗੋਂ ਇਕ ਫਕੀਰ ਕੋਲ ਫਕੀਰਾਨਾ ਅੰਦਾਜ਼ ਵਿਚ ਹੀ ਜਾਣਾ ਚਾਹੀਦਾ ਹੈ। ਸ਼ਹਿਨਸ਼ਾਹ ਆਲਮ ਤੇ ਹਿੰਦੁਸਤਾਨ ਦੇ ਤਮਾਮ ਲੋਕ ਇਹ ਜਾਣਦੇ ਹਨ ਕਿ ਸ਼ਹਿਨਸ਼ਾਹ ਅਕਬਰ ਦੇ ਘਰ ਔਲਾਦ ਨਹੀਂ ਸੀ ਹੁੰਦੀ ਤੇ ਉਹ ਮੁਰਾਦ ਲੈਣ ਲਈ ਆਪ ਪੈਦਲ ਚਲ ਕੇ ਅਜ਼ਮੇਰ ਸ਼ਰੀਫ ਗਏ ਸਨ ਤੇ ਪੀਰ ਖਵਾਜਾ ਚਿਸ਼ਤੀ ਦੀ ਦੁਆ ਨਾਲ ਸ਼ਹਿਨਸ਼ਾਹ ਦੇ ਘਰ ਔਲਾਦ ਹੋਈ ਸੀ।

ਉਸੇ ਫਕੀਰ ਦੀ ਦੁਆ ਦਾ ਸਦਕਾ ਅੱਜ ਤੁਸੀਂ ਸ਼ਹਿਨਸ਼ਾਹੇ ਹਿੰਦ ਦੀ ਮਲਕਾ ਹੋ।'

'ਹਾਂ, ਠੀਕ ਹੈ! ਅਸੀਂ ਆਪ ਚਲ ਕੇ ਆਪ ਦੇ ਪਾਤਸ਼ਾਹ ਫਕੀਰ ਦਾ ਦੀਦਾਰ ਹਾਸਲ ਕਰਾਂਗੇ।' ਮਲਕਾ ਨੂਰ ਜਹਾਂ ਨੇ ਕਿਹਾ, 'ਆਪ ਸਾਡੇ ਵੱਲੋਂ ਆਪਣੇ ਪੀਰ ਅੱਗੇ ਸਾਡੀ ਅਰਜ਼ ਕਰ ਦਿਉ ਕਿ ਪਰਸੋਂ ਸਾਨੂੰ ਹਜ਼ੂਰੀ ਵਿਚ ਆਉਣ ਦਾ ਮਾਨ ਬਖਸ਼ਿਆ ਜਾਵੇ।

ਪਰ ਜਿਸ ਵੇਲੇ ਅਸੀਂ ਆਪ ਦੇ ਸੱਚੇ ਪਾਤਸ਼ਾਹ ਨੂੰ ਮਿਲਣ ਜਾਈਏ ਤਾਂ ਆਪ ਦੀ ਹਜ਼ੂਰੀ ਵਿਚ ਦੂਸਰਾ ਕੋਈ ਵੀ ਹਾਜ਼ਰ ਜਾਂ ਮੌਜੂਦ ਨਾ ਹੋਵੇ।

ਅਸੀਂ ਆਪਣੀਆਂ ਕਨੀਜਾਂ ਨੂੰ ਨਾਲ ਲੈ ਕੇ ਸ਼ਾਮ ਵੇਲੇ ਉਨ੍ਹਾਂ ਦੀ ਹਜ਼ੂਰੀ ਵਿਚ ਪਹੁੰਚਾਂਗੇ। ਇਸ ਮੁਲਾਕਾਤ ਦਾ ਕੱਲ੍ਹ ਐਲਾਨ ਜਾਰੀ ਕੀਤਾ ਜਾਵੇਗਾ।'

ਸੁਥਰੇ ਨੇ ਫੇਰ ਤਿੰਨ ਵਾਰੀ ਝੁਕ ਕੇ ਸਤਿਕਾਰ ਕੀਤਾ ਅਤੇ ਕਿਹਾ ਕਿ ਅਸੀਂ ਹੁਣੇ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਮਲਕਾ-ਏ-ਹਿੰਦ ਦੀ ਇਹ ਅਰਜ਼ ਪਹੁੰਚਾ ਦੇਂਦੇ ਹਾਂ, ਤਾਂ ਜੋ ਮੇਰੇ ਪਾਤਸ਼ਾਹ ਆਪ ਨੂੰ ਇਕੱਲਿਆਂ ਵਕਤ ਦੇ ਸਕਣ ਤੇ ਤੁਸੀਂ ਉਨ੍ਹਾਂ ਦੇ ਦਰਸ਼ਨ ਕਰਕੇ ਮੂੰਹੋ ਮੰਗੀ ਮੁਰਾਦ

ਪੂਰੀ ਕਰ ਸਕੇ।'

ਏਨੀ ਗੱਲ ਕਹਿ ਕੇ ਸੁਥਰਾ ਸ਼ਾਹ ਆਗਿਆ ਲੈ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਮਲਕਾ ਨੂਰ ਜਹਾਂ ਵੱਲੋਂ ਕੀਤੀ ਗਈ ਬੇਨਤੀ ਮੀਰੀ-ਪੀਰੀ ਦੇ ਮਾਲਕ, ਦੋ ਜਹਾਂ ਦੇ ਵਾਲੀ ਸਤਿਗੁਰਾਂ ਅੱਗੇ ਜਾ ਕੀਤੀ ਤੇ ਸਤਿਗੁਰਾਂ ਨੇ ਇਹ ਬੇਨਤੀ ਪ੍ਰਵਾਨ ਕਰਕੇ ਮੁਲਾਕਾਤ ਦਾ ਪ੍ਰਬੰਧ ਕਰ ਲਿਆ।

***

Sri Satguru Jagjit Singh Ji eLibrary NamdhariElibrary@gmail.com

# ੧੦

# ਮਲਕਾ ਨੂਰ ਜਹਾਂ ਮੀਰੀ-ਪੀਰੀ ਦੇ ਮਾਲਕ ਦੀ ਹਜ਼ੂਰੀ ਵਿਚ

ਸੁਥਰੇ ਨੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਜਾ ਕੇ ਪ੍ਰਣਾਮ ਕੀਤੀ ਅਤੇ ਨਾਲ ਹੀ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀਉ ! ਆਪ ਘਟ-ਘਟ ਦੇ ਜਾਨਣਹਾਰ ਹੋ, ਆਪ ਦੀ ਹਜ਼ੂਰੀ ਵਿਚ ਜੋ ਵੀ ਆਉਣ ਦੀ ਅਭਿਲਾਖਾ ਕਰੇ, ਆਪ ਉਸ ਨੂੰ ਇਲਾਹੀ ਦਰਸ਼ਨਾਂ ਨਾਲ ਸਰਸ਼ਾਰ ਤੇ ਨਿਹਾਲ ਕਰਦੇ ਹੋ ।

ਕਸ਼ਮੀਰ (ਬਾਰਾਂ ਮੂਲੇ) ਦੀ ਮਾਈ ਭਾਗ ਭਰੀ ਨੇ ਆਪ ਜੀ ਦੇ ਦਰਸ਼ਨਾਂ ਦੀ ਲਾਲਸਾ ਕੀਤੀ, ਹਜ਼ੂਰ ਆਪ ਚਲ ਕੇ ਗਏ ਤੇ ਉਸ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ।

ਮੇਰੇ ਸ਼ਹਿਨਸ਼ਾਹ ਜੀਉ ! ਆਪ ਦੇ ਮਿੱਤਰ ਸ਼ਹਿਨਸ਼ਾਹ ਹਿੰਦ ਜਹਾਂਗੀਰ ਪਾਤਸ਼ਾਹ ਦੀ ਮਲਕਾ ਨੂਰ ਜਹਾਂ ਨੇ ਖਾਹਸ਼ ਜ਼ਾਹਰ ਕੀਤੀ ਹੈ ਕਿ ਉਹ ਪਰਸੋਂ ਸ਼ਾਮ ਨੂੰ ਆਪ ਦਾ ਨੂਰਾਨੀ ਦੀਦਾਰ ਕਰਕੇ ਆਪਣੀ ਆਤਮਾ ਨੂੰ ਠੰਡ ਪਾ ਸਕੇ ।

ਪਰ ਨਾਲ ਹੀ ਮਲਕਾ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਆਪ ਦੇ ਦਰਸ਼ਨ ਇਕਾਂਤ ਵਿਚ ਕਰਨਾ ਚਾਹੁੰਦੀ ਹੈ, ਜਿਸ ਵੇਲੇ ਆਪ ਦੀ ਹਜ਼ੂਰੀ ਵਿਚ ਕੋਈ ਵੀ ਸਿੱਖ ਸੇਵਕ ਨਾ ਹੋਵੇ ।

ਹੇ ਦਾਤਾਰ ਜੀਓ ! ਬੇਨਤੀ ਹੈ ਕਿ ਆਪ ਮਲਕਾ ਨੂਰ ਜਹਾਨ ਦੀ ਲਾਲਸਾ ਪੂਰੀ ਕਰਕੇ ਉਸ ਦੀ ਆਤਮਾ ਨੂੰ ਸ਼ਾਂਤ ਕਰੋ ।

ਸੁਥਰੇ ਦੇ ਇਹ ਬਚਨ ਸੁਣ ਕੇ ਮੀਰੀ-ਪੀਰੀ ਦੇ ਮਾਲਕ ਮੁਸਕ੍ਰਾਏ ਅਤੇ ਕਹਿਣ ਲੱਗੇ, ਗੁਰੂ ਨਾਨਕ ਦਾ ਦਰ ਹਰ ਇਕ ਲਈ ਹਰ ਸਮੇਂ ਖੁਲ੍ਹਾ ਹੈ। ਜਦੋਂ ਵੀ ਕਿਸੇ ਦਾ ਦਿਲ ਕਰੇ, ਇਸ ਨਿਰੰਕਾਰੀ ਦਰਬਾਰ ਵਿਚ ਆ ਕੇ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ।

ਮਲਕਾ ਨੂਰ ਜਹਾਂ ਦੀ ਜੋ ਇਹ ਲਾਲਸਾ ਹੈ ਕਿ ਉਹ ਆਪਣੀਆਂ ਦਾਸੀਆਂ ਸਣੇ ਇਸ ਦਰਬਾਰ ਵਿਚ ਆਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ਉਹਨਾਂ ਦੀ ਇੱਛਾ ਅਨੁਸਾਰ ਹੀ ਪ੍ਰਬੰਧ ਕੀਤਾ ਜਾਵੇਗਾ।

ਇਹ ਦਰ ਗਰੀਬਾਂ, ਅਮੀਰਾਂ ਸਾਰਿਆਂ ਵਾਸਤੇ ਹਮੇਸ਼ਾ ਖੁਲ੍ਹਾ ਹੈ, ਜੋ ਨਿਰਮਾਣ ਹੋ ਕੇ ਆਉਂਦਾ ਹੈ, ਇਸ ਦਰ ਤੋਂ ਵਰੋਸਾਉਂਦਾ ਹੈ, ਜੋ ਹੰਕਾਰ ਵਿਚ ਆਉਂਦਾ ਹੈ, ਖਾਲੀ ਜਾਂਦਾ ਹੈ।

ਮਲਕਾ ਨੂਰ ਜਹਾਂ ਲਈ ਦਰਸਨਾਂ ਲਈ ਖਾਸ ਪ੍ਰਬੰਧ ਕੀਤਾ ਜਾਵੇਗਾ, ਇਸ ਗਲੋਂ ਸ਼ਹਿਨਸ਼ਾਹ ਨੂੰ ਨਿਸਚਿੰਤ ਰਹਿਣਾ ਚਾਹੀਦਾ ਹੈ।

ਸੁਥਰਾ 'ਸੱਚੇ ਪਾਤਸ਼ਾਹ ਜੀ' ਦੇ ਪਿਆਰ ਭਰੇ ਬਚਨ ਸੁਣ ਕੇ ਬੜਾ ਪ੍ਰਸੰਨ ਹੋਇਆ। ਅਗਲੇ ਦਿਨ ਸ਼ਹਿਨਸ਼ਾਹ ਜਹਾਂਗੀਰ ਵੱਲੋਂ ਇਕ ਖਾਸ ਏਲਚੀ ਸਤਿਗੁਰਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਮਲਕਾ ਏ-ਜ਼ਮਾਂ ਨੂਰ ਜਹਾਂ ਹਜ਼ੂਰ ਦਾ ਦੀਦਾਰ ਕਰਨਾ ਚਾਹੁੰਦੇ ਹਨ।

ਉਹਨਾਂ ਦੀ ਖ਼ਾਹਸ਼ ਹੈ ਕਿ ਹਜ਼ੂਰ ਦੇ ਦਰਸ਼ਨ ਇਕਾਂਤ ਵਿਚ ਕੀਤੇ ਜਾਣ, ਇਸ ਲਈ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਜਾਵੇ ਕਿ ਹਜ਼ੂਰ ਦੀ ਹਜ਼ੂਰੀ ਵਿਚ ਉਸ ਸਮੇਂ ਕੋਈ ਵੀ ਨਾ ਹੋਵੇ।

ਏਲਚੀ ਦੇ ਇਹ ਬਚਨ ਸੁਣ ਕੇ ਮੀਰੀ-ਪੀਰੀ ਦੇ ਮਾਲਕ ਜੀ ਨੇ ਫ਼ੁਰਮਾਇਆ, ਸਾਡੀ ਵੱਲੋਂ ਮਲਕਾ ਏ-ਜ਼ਮਾਂ ਅੱਗੇ ਬਿਨੈ ਕਰ ਦੇਣਾ ਕਿ ਗੁਰੂ ਨਾਨਕ ਸ਼ਹਿਨਸ਼ਾਹ ਦੇ ਦਰਬਾਰ ਵਿਚ ਆਪ ਦੀ ਇੱਛਾ ਅਨੁਸਾਰ ਹੀ ਪ੍ਰਬੰਧ ਕੀਤਾ ਜਾਵੇਗਾ।

ਜਿਸ ਵੇਲੇ ਆਪ ਤਸ਼ਰੀਫ ਲਿਆਉਣਗੇ ਉਸ ਵੇਲੇ ਸਾਡੇ ਤੋਂ ਸਿਵਾਏ ਸਾਡੇ ਕੋਲ ਹੋਰ ਕੋਈ ਵੀ ਨਹੀਂ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੇ ਪਿਆਰ ਭਰੇ ਬਚਨ ਸੁਣ ਕੇ ਏਲਚੀ ਬੜਾ ਪ੍ਰਸੰਨ ਹੋਇਆ ਅਤੇ ਉਸ ਨੇ ਸ਼ਹਿਨਸ਼ਾਹ ਜਹਾਂਗੀਰ ਅੱਗੇ ਸਾਰਾ ਹਾਲ ਕਹਿ ਸੁਣਾਇਆ। ਅਗਲੇ ਦਿਨ ਮਲਕਾ ਨੂਰ ਜਹਾਂ ਦਾ ਸਤਿਗੁਰਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਖਾਸ ਪ੍ਰਬੰਧ ਕੀਤਾ ਗਿਆ।

ਸ਼ਹਿਨਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਲਾਹੀ ਤਖ਼ਤ ਬੜੀ ਸ਼ਾਨ ਸ਼ੌਕਤ ਨਾਲ ਸਜਾਇਆ ਗਿਆ। ਆਸੇ ਪਾਸੇ ਬੜੀਆਂ ਸੁੰਦਰ ਕਨਾਤਾਂ ਤੇ ਸ਼ੋਲਦਾਰੀਆਂ ਲਗਾਈਆਂ ਗਈਆਂ, ਹਿੰਦੁਸਤਾਨ ਦੀ ਮਲਕਾ ਦੇ ਸਵਾਗਤ ਲਈ ਖਾਸ ਤੌਰ 'ਤੇ ਸਜਾਵਟ ਕੀਤੀ ਗਈ।

ਮਲਕਾ ਨੂਰ ਜਹਾਂ ਨੇ ਆਪ ਲਿਖਿਆ ਹੈ ਕਿ ਨਾਨਕ ਗੁਰੂ ਦੇ ਨੂਰਾਨੀ ਤਖ਼ਤ ਦੇ ਛੇਵੇਂ ਗੱਦੀ ਨਸ਼ੀਨ ਗੁਰੂ ਹਰਿਗੋਬਿੰਦ ਜੀ ਦੇ ਦੀਦਾਰ ਦੀ ਖਿਚ ਵਿਚ ਮੈਂ ਉਸ ਦਿਨ ਹੀਰੇ ਜਵਾਹਰਾਤਾਂ ਨਾਲ ਇਸ ਤਰ੍ਹਾਂ ਸ਼ਿੰਗਾਰ ਕੀਤਾ ਕਿ ਇਸ ਤੋਂ ਪਹਿਲਾਂ ਇਸ ਤਰ੍ਹਾਂ ਦਾ ਸ਼ਿੰਗਾਰ ਮੈਂ ਕਦੀ ਵੀ ਨਹੀਂ ਸੀ ਕੀਤਾ।

ਇਸ ਦਿਨ ਮੈਂ ਦੋ ਦਾਸੀਆਂ ਆਪਣੇ ਨਾਲ ਲਈਆਂ, ਜਿਨ੍ਹਾਂ ਨੇ ਹੀਰੇ ਜਵਾਹਰਾਤਾਂ ਦੇ ਥਾਲ ਚੁੱਕੇ ਹੋਏ ਸਨ। ਅੱਗੇ-ਅੱਗੇ ਅਸੀਂ ਜਾ ਰਹੇ ਸਾਂ ਤੇ ਮਗਰ-ਮਗਰ ਉਹ ਦਾਸੀਆਂ ਸਨ। ਸਤਿਗੁਰਾਂ ਦੇ ਦਰਬਾਰ ਵਿਚ ਸਾਡੇ ਸਵਾਗਤ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ।

ਅਸਾਂ ਦੂਰੋਂ ਹੀ ਉਸ ਪੁਰ-ਜਲਾਲ ਨੂਰਾਨੀ ਮੁਖੜੇ ਦੀ ਸ਼ਾਨ ਦੇਖੀ ਅਤੇ ਉਨ੍ਹਾਂ ਤੋਂ ਅਜੇ ਸੌ ਕੁ ਗਜ਼ ਦੀ ਦੂਰੀ 'ਤੇ ਹੀ ਸਾਂ ਕਿ ਉਹ ਨੂਰੀ ਪ੍ਰੀਤਮ ਜੀ ਸਾਨੂੰ ਦੇਖ ਕੇ ਆਪਣੇ ਤਖ਼ਤ ਤੋਂ ਉੱਤਰ ਕੇ ਖੜ੍ਹੇ ਹੋ ਗਏ। ਅਸਾਂ ਦਾਸੀਆਂ ਨੂੰ ਉਥੇ ਹੀ ਰੋਕ ਦਿੱਤਾ, ਪਰ ਸਤਿਗੁਰਾਂ ਦਾ ਇਸ਼ਾਰਾ ਪਾ ਕੇ ਅਸੀਂ ਆਪ ਉਨ੍ਹਾਂ ਵੱਲ ਅੱਗੇ ਵਧੇ।

ਸਾਡੇ ਹੱਥ ਵਿਚ ਹੀਰੇ ਜਵਾਹਰਤਾਂ ਦੇ ਥਾਲ ਸਨ, ਜੋ ਅਸੀਂ ਇਕ ਇਕ ਕਰਕੇ ਦਾਸੀਆਂ ਦੇ ਹੱਥੋਂ ਫੜ ਕੇ ਅਰਸ਼ੀ ਪ੍ਰੀਤਮ ਜੀ ਦੀ ਹਜ਼ੂਰੀ ਵਿਚ ਪਈ ਇਕ ਤ੍ਰਿਪਾਈ ਉਤੇ ਰੱਖ ਦਿੱਤੇ।

Sri Satguru Jagjit Singh Ji eLibrary NamdhariElibrary@gmail.com

ਸਾਡਾ ਸ਼ਹਿਨਸ਼ਾਹੀ ਲਿਬਾਸ, ਹੀਰੇ ਜਵਾਹਰਤਾਂ ਦੇ ਗਹਿਣਿਆਂ ਨਾਲ ਕੀਤਾ ਸ਼ਿੰਗਾਰ, ਅੱਲਾ-ਤੁਆਲਾ ਦਾ ਬਖਸ਼ਿਆ ਹੁਸਨ, ਜਿਸ ਉਤੇ ਸ਼ਾਹਜਾਦਾ ਸਲੀਮ (ਜਹਾਂਗੀਰ ਬਾਦਸ਼ਾਹ) ਨੇ ਤਖ਼ਤ ਬਹਿਨ ਤੋਂ ਪਹਿਲਾਂ ਆਪਣਾ ਆਪ ਨਿਛਾਵਰ ਕਰ ਦਿੱਤਾ ਸੀ, ਅਤੇ ਸਾਡੀ ਇਕ ਇਕ ਅਦਾ ਉਤੇ ਉਹ ਸੌ ਜਾਨ ਕੁਰਬਾਨ ਕਰਦੇ ਸਨ ਅਤੇ ਜਿਸ ਹੁਸਨ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਤਖ਼ਤ ਉਤੇ ਬਹਿੰਦਿਆਂ ਹੀ ਮੇਰੇ ਪਹਿਲੇ ਪਤੀ ਸ਼ੇਰ ਅਫਗਨ ਨੂੰ ਮਰਵਾ ਕੇ ਮੈਨੂੰ ਪ੍ਰਾਪਤ ਕਰ ਲਿਆ ਸੀ।

ਅੱਜ ਪਹਿਲੀ ਵਾਰ ਉਹ ਹੁਸਨ ਇਸ ਅਨੋਖੇ ਸ਼ਿੰਗਾਰ ਨਾਲ ਇਸ ਤਰ੍ਹਾਂ ਜਗਮਗਾ ਰਹੀ ਸੀ ਕਿ ਹਰ ਜਵਾਂ-ਮਰਦ ਇਸ ਦੀ ਝਾਲ ਝੱਲਣ ਤੋਂ ਅਸਮਰਥ ਸੀ।

ਅਸੀਂ ਸਤਿਗੁਰਾਂ ਦੀ ਹਜ਼ੂਰੀ ਵਿਚ ਪਹੁੰਚ ਕੇ ਦਾਸੀਆਂ ਨੂੰ ਇਸ਼ਾਰਾ ਕੀਤਾ ਕਿ ਉਹ ਵਾਪਸ ਚਲੀਆਂ ਜਾਣ। ਦੋਵੇਂ ਦਾਸੀਆਂ ਸਾਡਾ ਇਸ਼ਾਰਾ ਪਾ ਕੇ ਉਸ ਅੱਲ੍ਹਾ ਦੀ ਦਰਗਾਹ ਦੇ ਫਰਿਸ਼ਤੇ ਅੱਗੇ ਸੱਜਦਾ (ਨਮਸ਼ਕਾਰ) ਕਰਕੇ ਪਿਛਲੀਂ ਪੈਰੀਂ ਵਾਪਸ ਮੁੜ ਗਈਆਂ।

ਹੁਣ ਅਸੀਂ ਆਪਣੀ ਸ਼ਹਾਨਾ ਸ਼ਾਨ ਅਤੇ ਇਕ ਗਜ਼ਬ-ਢਾਹੁਣ ਵਾਲੇ ਸ਼ਿੰਗਾਰ ਵਿੱਚ ਬਣ ਠਣ ਕੇ ਉਸ ਇਲਾਹੀ ਜੋਤ ਦੀ ਹਜ਼ੂਰੀ ਵਿਚ ਇਕੱਠੇ ਸਾਂ।

ਦਾਸੀਆਂ ਦੇ ਚਲੇ ਜਾਣ ਮਗਰੋਂ ਹਰਿਗੋਬਿੰਦ ਜੀ ਨੇ ਬੜੇ ਪਿਆਰ ਭਰੇ ਲਹਿਜੇ ਵਿਚ ਕਿਹਾ, ਮਾਤਾ ਜੀ ! ਅਸੀਂ ਆਪ ਨੂੰ ਬਸਰੋ-ਚਸ਼ਮ (ਸਿਰ ਅੱਖਾਂ ਨਾਲ) ਜੀਅ ਆਇਆਂ ਨੂੰ ਕਹਿੰਦੇ ਹਾਂ।' ਏਨੇ ਸ਼ਬਦ ਕਹਿ ਕੇ ਉਨ੍ਹਾਂ ਨੇ ਸਾਨੂੰ ਇਕ ਸ਼ਾਨਦਾਰ ਮਖਮਲੀ ਤਖਤ ਪੁਰ ਬੈਠ ਜਾਣ ਲਈ ਕਿਹਾ।

ਅਸੀਂ ਤੁਹਾਡੇ ਮਾਤਾ ਜੀ ਕਿਸ ਤਰ੍ਹਾਂ ਹੋਏ। ਤੁਹਾਡੇ ਦੋਸਤ ਸ਼ਹਿਨਸ਼ਾਹ ਹਿੰਦ ਜਹਾਂਗੀਰ ਦੀ ਮਲਿਕਾ ਹਾਂ। ਇਸ ਰਿਸ਼ਤੇ ਨਾਲ ਵੀ ਤੁਸੀਂ ਸਾਨੂੰ ਆਪਣੀ ਭਰਜਾਈ ਕਹਿ ਸਕਦੇ ਹੋ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਾਡਾ ਤੁਹਾਡਾ ਕੋਈ ਹੋਰ ਰਿਸ਼ਤਾ ਨਹੀਂ ਬਣ ਸਕਦਾ। ਅਸੀਂ ਉਸ ਨੂਰੀ ਪ੍ਰੀਤਮ ਨੂੰ ਬੜੀ ਨਿਮਰਤਾ ਨਾਲ ਕਿਹਾ ਅਤੇ ਨਾਲ ਹੀ ਅਰਜ਼ ਕੀਤੀ, 'ਹਜ਼ੂਰ ਜ਼ਰਾ ਆਪਣੀ ਉਮਰ ਅਤੇ ਸਾਡੀ ਉਮਰ ਵੱਲ ਖਿਆਲ ਕਰੋ, ਅਸੀਂ ਹਮਉਮਰ ਹਾਂ ਜਾਂ ਵੱਧ ਤੋਂ ਵੱਧ ਦੋ ਤਿੰਨ ਸਾਲਾਂ ਦਾ ਫਰਕ ਹੋ ਸਕਦਾ ਹੈ।

ਆਪ ਨੇ ਸਾਨੂੰ ਮਾਤਾ ਜੀ' ਕਹਿ ਕੇ ਸਾਡੇ ਹੁਸਨ ਤੇ ਜਵਾਨੀ ਦੀ ਨਿਰਾਦਰੀ ਕੀਤੀ ਹੈ।'

'ਸਾਡਾ ਕਿਸੇ ਦੀ ਨਿਰਾਦਰੀ ਕਰਨ ਦਾ ਕਦੀ ਵੀ ਕੋਈ ਇਰਾਦਾ ਨਹੀਂ ਹੋਇਆ ਅਤੇ ਨਾ ਹੀ ਕਦੀ ਇਸ ਤਰ੍ਹਾਂ ਦਾ ਇਰਾਦਾ ਹੋ ਸਕਦਾ ਹੈ।'

ਇਹ ਨਿਰੰਕਾਰੀ ਸਤਿਗੁਰੂ ਬਾਬਾ ਨਾਨਕ ਦਾ ਦਰਬਾਰ ਹੈ, ਜਿਨ੍ਹਾਂ ਨੂੰ ਸਾਰਾ ਜਹਾਨ ਵਲੀ-ਅੱਲਾ ਕਹਿ ਕੇ ਪੁਕਾਰਦਾ ਹੈ। ਇਸ ਦਰਬਾਰ ਵਿਚ ਕੋਈ ਵੀ ਆਵੇ ਉਸ ਨੂੰ ਪਿਆਰ ਮਿਲਦਾ ਹੈ, ਸਤਿਕਾਰ ਮਿਲਦਾ ਹੈ, ਸਕੂਨ ਕਲਬ ਜਾਂ ਸ਼ਾਂਤੀ ਮਿਲਦੀ ਹੈ। ਇਹ ਸ਼ਹਿਨਸ਼ਾਹੀ ਦਰਬਾਰ ਵਿਚ ਅਮੀਰਾਂ ਗਰੀਬਾਂ ਸਾਰਿਆਂ ਨੂੰ ਇਕੋ ਜਿਹਾ ਦੇਖਿਆ ਜਾਂਦਾ ਹੈ।

ਸੋ ਅਸੀਂ ਆਪਣੇ ਦੇਸ਼ ਦੀ ਮਲਿਕਾ 'ਨੂਰ ਜਹਾਂ' ਨੂੰ ਤਿੰਨ ਤਰ੍ਹਾਂ ਨਾਲ ਅਦਬ ਤੇ ਸਤਿਕਾਰ ਕਰਦੇ ਹਾਂ। ਸਭ ਤੋਂ ਪਹਿਲਾਂ ਸਤਿਕਾਰ ਇਸ ਲਈ ਹੈ ਕਿ ਆਪ ਪੈਦਲ ਚਲ ਕੇ ਵਲੀ-ਅੱਲ੍ਹਾ ਬਾਬਾ ਨਾਨਕ ਦੇ ਦਰਬਾਰ ਵਿਚ ਉਸ ਤਰ੍ਹਾਂ ਆਏ ਹੋ, ਜਿਸ ਤਰ੍ਹਾਂ ਸ਼ਹਿਨਸ਼ਾਹ ਅਕਬਰ ਔਲਾਦ ਦੀ ਖਾਹਸ਼ ਨਾਲ ਖਵਾਜਾ ਸਾਹਿਬ ਦੇ ਦਰਬਾਰ ਅਜਮੇਰ ਸ਼ਰੀਫ ਵਿਚ ਪੈਦਲ ਗਏ ਸਨ।

ਦੂਸਰਾ ਸਤਿਕਾਰ ਇਸ ਲਈ ਹੈ, ਜਿਸ ਤਰ੍ਹਾਂ ਕਿ ਆਪ ਨੇ ਫੁਰਮਾਇਆ ਹੈ ਕਿ ਆਪ ਮੇਰੇ ਦੋਸਤ ਜਹਾਂਗੀਰ ਬਾਦਸ਼ਾਹ ਦੀ ਪਿਆਰੀ ਮਲਿਕਾ ਹੋ, ਤੀਸਰਾ ਸਤਿਕਾਰ ਇਸ ਲਈ ਹੈ ਕਿ ਬਾਦਸ਼ਾਹ ਦੇਸ਼ ਦਾ ਪਿਤਾ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਮਲਿਕਾ ਦੇਸ਼ ਦੀ ਮਾਂ ਹੁੰਦੀ

Sri Satguru Jagjit Singh Ji eLibrary NamdhariElibrary@gmail.com

ਹੈ।

ਇਸ ਲਈ ਆਪ ਦੀ ਪਰਜਾ ਹੋਣ ਦੇ ਨਾਤੇ ਤੁਸੀਂ ਸਾਡੇ ਮਾਤਾ ਜੀ ਹੋ। ਇਸ ਪਿਆਰ ਦੇ ਰੂਹਾਨੀ ਰਿਸ਼ਤੇ ਵਿਚ ਉਮਰਾਂ ਵੱਲ ਨਹੀਂ ਦੇਖਿਆ ਜਾ ਸਕਦਾ, ਸਗੋਂ ਦਿੱਲੀ ਪਿਆਰ ਤੇ ਸਤਿਕਾਰ ਨੂੰ ਸਾਹਮਣੇ ਰੱਖਿਆ ਜਾਂਦਾ ਹੈ।

ਇਹ ਸ਼ਬਦ ਉਸ ਨੂਰੀ-ਪ੍ਰੀਤਮ ਜੀ ਨੇ ਬੜੇ ਪਿਆਰ ਭਰੇ ਤੇ ਮਿੱਠੇ ਲਹਿਜੇ ਵਿਚ ਕਹੇ ਅਤੇ ਇਹ ਸ਼ਬਦ ਕਹਿੰਦਿਆਂ ਹੀ ਆਪਣੀਆਂ ਹੁਸੀਨ ਤੇ ਨਸ਼ੀਲੀਆਂ ਅੱਖਾਂ ਕਿਸੇ ਸਰੂਰ ਤੇ ਪਿਆਰ ਤੇ ਰੰਗ ਵਿਚ ਬੰਦ ਕਰਕੇ ਖੜ੍ਹੇ ਹੋ ਗਏ।

ਅਸੀਂ ਅਰਜ਼ ਕੀਤੀ, ਦੀਨ ਦੁਨੀ ਦੇ ਸ਼ਹਿਨਸ਼ਾਹ ! ਅਸੀਂ ਆਪ ਦਾ ਇਲਾਹੀ ਦੀਦਾਰ ਕਰਨ ਆਏ ਹਾਂ, ਤੁਸੀਂ ਇਸ ਤਰ੍ਹਾਂ ਆਪਣੀਆਂ ਨੂਰਾਨੀ ਅੱਖਾਂ ਬੰਦ ਕਰਕੇ ਆਪਣੇ ਹੀ ਰੰਗ ਵਿਚ ਮਸਤ ਹੋ।

ਰਤਾ ਇਸ ਇਲਾਹੀ ਜੋਤ ਦਾ ਪ੍ਰਕਾਸ਼ ਇਸ ਪਾਸੇ ਵੀ ਪਾਉ, ਤਾਂ ਜੋ ਸਾਡੇ ਮਨ ਦਾ ਅਨ੍ਹੇਰਾ ਵੀ ਦੂਰ ਹੋਵੇ। ਰਤਾ ਆਪਣੇ ਇਹ ਨਸ਼ੀਲੇ ਨੈਣ ਖੋਲ੍ਹ ਕੇ ਦੇਖੋ।

ਆਪ ਦੀ ਹਜ਼ੂਰੀ ਵਿਚ ਅੱਜ ਉਹ ਹੁਸਨ ਆਪ ਚੱਲ ਕੇ ਆਇਆ ਹੈ, ਜਿਸ ਹੁਸਨ ਨੇ ਕਈਆਂ ਨੂੰ ਨਸ਼ਿਆਇਆ ਅਤੇ ਕਈਆਂ ਨੂੰ ਘਾਇਲ ਕੀਤਾ।

ਅਸੀਂ ਹਜ਼ੂਰ ਨਾਲ ਕੋਈ ਦਿਲ ਦੀਆਂ ਗੱਲਾਂ ਕਰਨ ਤੇ ਇਲਾਹੀ ਗਿਆਨ ਹਾਸਲ ਕਰਨ ਆਏ ਹਾਂ, ਪਰ ਤੁਸੀਂ ਇਸ ਰੰਗ ਵਿਚ ਮਗਨ ਖੜ੍ਹੇ ਹੋ। ਆਉ ! ਆਪਣੇ ਤਖ਼ਤ ਤੇ ਤਸ਼ਰੀਫ ਰੱਖੋ ਤੇ ਆਪਣੇ ਮਿੱਠੇ ਤੇ ਰਸੀਲੇ ਬਚਨਾਂ ਨਾਲ ਸਾਡੇ ਹਿਰਦੇ ਨੂੰ ਸਰਸ਼ਾਰ ਕਰੋ।'

ਸਾਡੇ ਇਹੋ ਜਿਹੇ ਕਟਾਕਸ਼ ਭਰੇ ਬਚਨ ਸੁਣ ਕੇ ਹਜ਼ੂਰ ਮੁਸਕ੍ਰਾਏ ਅਤੇ ਫੁਰਮਾਉਣ ਲੱਗੇ, 'ਕਿ ਆਪ ਨੇ ਵਲੀ ਅੱਲ੍ਹਾ ਬਾਬਾ ਫਰੀਦ ਜੀ ਦਾ ਨਾਂ ਸੁਣਿਆ ਹੈ ?'

Sri Satguru Jagjit Singh Ji eLibrary NamdhariElibrary@gmail.com

'ਕਿਉਂ ਨਹੀਂ, ਉਹ ਹਿੰਦ ਦੇ ਪੀਰਾਂ ਵਿਚੋਂ ਇਕ ਬੜੇ ਭਾਰੇ ਬਜ਼ੁਰਗ ਹੋਏ ਹਨ, ਜਿਨ੍ਹਾਂ ਨੇ ਆਪਣੇ ਜ਼ੁਹਦ ਦੇ ਤਪ ਕਰਕੇ ਕੁਤਬ ਦੀ ਪਦਵੀ ਪ੍ਰਾਪਤ ਕੀਤੀ। ਹਿੰਦ ਦੇ ਮੁਸਲਮਾਨ ਕੀ, ਹਿੰਦੂ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਹਨ।'

ਹਜ਼ੂਰ ਮੁਸਕ੍ਰਾਏ ਅਤੇ ਫੁਰਮਾਇਆ, 'ਕੀ ਹਿੰਦ ਦੀ ਮਲਕਾ ਨੇ ਉਨ੍ਹਾਂ ਦਾ ਕਲਾਮ (ਬਚਨ) ਸੁਣਿਆ ਹੈ ?'

'ਨਹੀਂ, ਸਾਨੂੰ ਉਨ੍ਹਾਂ ਦਾ ਕਲਾਮ ਸੁਣਨ ਦਾ ਮੌਕਾ ਹੀ ਨਹੀਂ ਮਿਲਿਆ।' ਅਸੀਂ ਉਨ੍ਹਾਂ ਅੱਗੇ ਅਰਜ਼ ਕੀਤੀ ਅਤੇ ਹਜ਼ੂਰ ਨੇ ਫੁਰਮਾਇਆ, ਸੁਣੋ ! ਆਪ ਨੇ ਫੁਰਮਾਇਆ ਕਿ ਵਲੀ ਅੱਲ੍ਹਾ ਬਾਬਾ ਫਰੀਦ-ਉ-ਦੀਨ ਜੀ ਦਾ ਕਲਾਮ ਇਸ ਤਰ੍ਹਾਂ ਹੈ :-

ਜਿਨ ਲੋਇਨ ਜਗੁ ਮੋਹਿਆ ਸੇ ਲੋਇਨ ਮੈ ਡਿਠੁ ॥
ਕਜਲ ਰੇਖ ਨ ਸਹਿਦੀਆਂ ਸੇ ਪੰਖੀ ਸੂਏ ਬਹਿਠ ॥

ਇਹ ਸੁਣ ਕੇ ਅਸੀਂ ਅਰਜ਼ ਕੀਤੀ ਕਿ ਇਸ ਦਾ ਮਤਲਬ ? ਹਜ਼ੂਰ ਫੇਰ ਮੁਸਕ੍ਰਾਏ ਅਤੇ ਫੁਰਮਾਉਣ ਲੱਗੇ ਕਿ ਬਾਬਾ ਜੀ ਨੇ ਕਿਹਾ ਸੀ ਕਿ :-

ਉਹ ਹੁਸੀਨ ਅੱਖਾਂ ਜਿਨ੍ਹਾਂ ਨੇ ਸਾਰੀ ਦੁਨੀਆਂ ਦਾ ਦਿਲ ਮੋਹ ਲਿਆ ਹੋਇਆ ਸੀ, ਆਖਰ ਅਸੀਂ ਉਨ੍ਹਾਂ ਸੁਹਣੀਆਂ ਤੇ ਨਸ਼ੀਲੀਆਂ ਅੱਖਾਂ ਦਾ ਹਸ਼ਰ ਇਸ ਤਰ੍ਹਾਂ ਹੁੰਦਾ ਦੇਖਿਆ, ਕਿ ਜਦੋਂ ਉਹ ਮੁਟਿਆਰ ਮੌਤ ਦੀ ਗੋਦ ਵਿਚ ਲੇਟ ਗਈ।

ਉਹ ਨਸ਼ੀਲੀਆਂ ਤੇ ਹੁਸੀਨ ਅੱਖਾਂ, ਜਿਨ੍ਹਾਂ ਵਿਚ ਕੱਜਲ ਦੀਆਂ ਸਲਾਈਆਂ ਵੀ ਰੜਕਦੀਆਂ ਸਨ, ਉਸ ਹੁਸੀਨਾਂ ਦੀ ਖੋਪਰੀ ਰੁਲਦੀ ਦੇਖੀ ਗਈ ਤੇ ਉਸ ਵਿਚ ਪੰਛੀਆਂ ਦੇ ਬੱਚੇ ਬੈਠੇ ਦੇਖੇ ਗਏ।

'ਹਜ਼ੂਰ ਨੇ ਜੋ ਫੁਰਮਾਇਆ ਹੈ, ਠੀਕ ਹੈ। ਕੱਲ੍ਹ ਦਾ ਪਤਾ ਨਹੀਂ ਕਿ ਕੀ ਹੋ ਜਾਵੇ।' ਅਸੀਂ ਅਰਜ਼ ਕੀਤੀ ਕਿ ਦੁਨੀਆਂ ਵਾਲੇ ਇਸ ਹੁਸਨ ਬਦਲੇ ਜਾਨਾਂ ਵਾਰ ਦੇਂਦੇ ਹਨ, ਕਈਆਂ ਦੇ ਕਤਲ ਹੋ ਜਾਂਦੇ ਹਨ, ਪਰ ਅੱਲ੍ਹਾ ਦੇ ਬੰਦੇ ਇਸ ਹੁਸਨ ਦਾ ਅਖੀਰ ਇਸ ਤਰ੍ਹਾਂ ਦੱਸਦੇ ਹਨ, ਇਹ

Sri Satguru Jagjit Singh Ji eLibrary NamdhariElibrary@gmail.com

ਕਿਉਂ ?

ਹਜ਼ੂਰ ਨੇ ਫੁਰਮਾਇਆ ਕਿ ਦੁਨੀਆਂ ਦੇ ਸਿਰਜਣਹਾਰ ਦਾ ਇਹ ਇਕ ਕ੍ਰਿਸ਼ਮਾ ਹੈ। ਉਸ ਨੇ ਸਾਰਾ ਜਹਾਨ ਆਪਣੇ ਨੂਰ ਤੋਂ ਪੈਦਾ ਕੀਤਾ ਹੈ।

ਦੁਨੀਆਂਦਾਰਾਂ ਨੇ ਉਸ ਸਿਰਜਨਹਾਰੇ ਦੇ ਨੂਰ ਤੋਂ ਪੈਦਾ ਕੀਤਾ ਹੁਸਨ ਹੀ ਦੇਖਿਆ ਹੈ। ਜਿਸ ਦੇ ਨੂਰ ਤੋਂ ਇਹ ਦੁਨਿਆਵੀ ਹੁਸਨ ਪੈਦਾ ਹੋਇਆ ਹੈ, ਉਸ ਦਾ ਹੁਸਨ ਕਿਸੇ ਵੀ ਦੁਨੀਆਂਦਾਰਾਂ ਨੇ ਨਹੀਂ ਦੇਖਿਆ ਹੁੰਦਾ।

ਪਰ ਅੱਲ੍ਹਾ ਦੇ ਬੰਦੇ ਉਸ ਦਾ ਹੁਸਨ ਦੇਖਦੇ ਤੇ ਉਸ ਦਾ ਜਲਵਾ ਪ੍ਰਾਪਤ ਕਰਕੇ ਮਸਤ ਰਹਿੰਦੇ ਹਨ। ਜਿਸ ਨੇ ਗੈਸ ਬਲਦਾ ਦੇਖਿਆ ਹੈ, ਉਹ ਦੀਵੇ ਦੀ ਰੋਸ਼ਨੀ ਕਿਉਂ ਦੇਖੇ ਜਾਂ ਦੀਵੇ ਦੀ ਰੋਸ਼ਨੀ ਵੱਲ ਦੇਖ ਕੇ ਕਿਉਂ ਹੈਰਾਨ ਹੋਵੇ। ਇਕ ਸ਼ਾਇਰ ਨੇ ਅੱਲ੍ਹਾ ਦਾ ਨੂਰ ਦੇਖ ਕੇ ਇਸ ਤਰ੍ਹਾਂ ਕਿਹਾ ਹੈ :-

*ਹੁਸੀਨਾਂ ਦੇ ਹੁਸਨ ਨੂੰ ਦੇਖ ਕੇ ਇਹ ਦਿਲ ਕਿਵੇਂ ਤੜਪੇ, ਕਿ*
*ਜ਼ੱਰੇ ਖਾਕ ਦੇ ਨੇ ਉਸ ਨੇ ਕੋਹੇ ਤੂਰ ਕਰ ਦੀਆ ॥*

ਜਿਸ ਨੇ ਸੋ ਜਹਾਨ ਦੇ ਮਾਲਕ ਦਾ ਨੂਰਾਨੀ ਜਲਵਾ ਦੇਖ ਲਿਆ ਹੈ, ਉਹ ਦੁਨਿਆਵੀ ਹੁਸਨ, ਸੰਸਾਰਕ ਸੁੰਦਰਤਾ ਜਾਂ ਜਹਾਨ ਦੀ ਕੋਈ ਵਸਤੂ ਨਹੀਂ ਲਲਚਾ ਸਕਦੀ। ਤੁਸੀਂ ਆਪ ਬੜੇ ਆਲਮ ਹੋ ਹਰ ਗੱਲ ਚੰਗੀ ਤਰ੍ਹਾਂ ਸਮਝ ਸਕਦੇ ਹੋ ਕਿ ਇਲਾਹੀ ਨੂਰ ਦੇ ਪ੍ਰਕਾਸ਼ ਦਾ ਜਲਵਾ ਕੀ ਚੀਜ਼ ਹੈ ਅਤੇ ਦੁਨਿਆਵੀ ਹੁਸਨ ਦਾ ਸ਼ਿੰਗਾਰ ਕੀ ਚੀਜ਼ ਹੈ ?

ਮਲਕਾ ਨੂਰ ਜਹਾਂ ਸੋਚ ਵਿਚ ਪੈ ਗਈ ਅਤੇ ਉਸ ਨੂੰ ਕਲਗੀਆਂ ਵਾਲੇ ਪ੍ਰੀਤਮ ਦੇ ਨੂਰਾਨੀ ਚਿਹਰੇ ਵਿਚੋਂ ਇਲਾਹੀ ਨੂਰ ਦਾ ਜਲਵਾ ਪ੍ਰਤੀਤ ਹੋਇਆ।

ਉਸ ਦਾ ਹਿਰਦਾ ਨਿਰਮਲ ਜਲ ਧਾਰਾ ਵਾਂਗ ਸਤਿਗੁਰਾਂ ਦੇ ਚਰਨਾਂ ਵੱਲ ਬਹਿ ਤੁਰਿਆ। ਅੰਤ ਸੋਚ ਸੋਚ ਕੇ ਉਹ ਇਕ ਵਾਰ ਫੇਰ ਬੋਲੀ, ਮਹਾਰਾਜ! ਆਪ ਨੇ ਜੋ ਫੁਰਮਾਇਆ ਹੈ ਸਭ ਠੀਕ ਹੈ, ਜਿਹੜੇ ਰੱਬੀ

Sri Satguru Jagjit Singh Ji eLibrary NamdhariElibrary@gmail.com

ਇਸ਼ਕ ਵਿਚ ਰੰਗੇ ਗਏ ਹੋਣ, ਉਨ੍ਹਾਂ ਨੂੰ ਦੁਨਿਆਵੀ ਪਿਆਰ ਨਾਸਵੰਤ ਲਗਦਾ ਹੈ, ਉਹ ਦੁਨੀਆਂ ਦੇ ਹਰ ਇਨਸਾਨ ਨੂੰ ਰੱਬ ਦਾ ਰੂਪ ਸਮਝ ਕੇ ਪਿਆਰ ਤਾਂ ਕਰਦੇ ਹਨ ਪਰ ਉਨ੍ਹਾਂ ਦੇ ਹਿਰਦੇ ਦੀ ਤਾਰ ਆਪਣੇ ਪ੍ਰੀਤਮ ਨਾਲ ਹੀ ਜੁੜੀ ਰਹਿੰਦੀ ਹੈ। ਮਗਰ ਆਪ ਨੇ ਮੈਨੂੰ 'ਮਾਤਾ ਜੀ' ਕਹਿ ਕੇ ਪੁਕਾਰਿਆ ਹੈ।

ਮੈਂ ਆਪ ਦੀ ਹਮ ਉਮਰ ਹਾਂ, ਆਪ ਦੇ ਦੋਸਤ ਦੀ ਔਰਤ ਹਾਂ, ਸਾਡਾ ਰਿਸ਼ਤਾ ਇਕ ਦੇਵਰ ਤੇ ਭਰਜਾਈ ਵਾਲਾ ਹੋ ਸਕਦਾ ਹੈ। ਆਪ ਨੇ ਇਹ ਨਵਾਂ ਰਿਸ਼ਤਾ ਕਿਸ ਖਿਆਲ ਨਾਲ ਕਾਇਮ ਕਰਨ ਦਾ ਇਰਾਦਾ ਕੀਤਾ ?

ਸਾਹਿਬ ਮੁਸਕ੍ਰਾਏ ਅਤੇ ਫੇਰ ਫੁਰਮਾਇਆ, 'ਅਸੀਂ ਪਹਿਲੇ ਵੀ ਅਰਜ਼ ਕਰ ਚੁੱਕੇ ਹਾਂ ਕਿ ਦੁਨਿਆਵੀ ਰਿਸ਼ਤੇ ਸਭ ਕੂੜ ਹਨ। ਸ਼ਹਿਨਸ਼ਾਹ ਮੁਲਕ ਦਾ ਬਾਪ ਹੁੰਦਾ ਹੈ ਅਤੇ ਉਹ ਆਪਣੀ ਪਰਜਾ ਨੂੰ ਆਪਣੀ ਹੀ ਔਲਾਦ ਸਮਝ ਕੇ ਹਕੂਮਤ ਕਰਦਾ ਹੈ। ਜਿਹੜਾ ਬਾਦਸ਼ਾਹ ਇਸ ਖਿਆਲ ਨਾਲ ਹਕੂਮਤ ਉਤੇ ਰਾਜ ਨਹੀਂ ਕਰਦਾ, ਉਹ ਬਾਦਸ਼ਾਹ ਅਖਵਾਉਣ ਦਾ ਹੱਕ ਨਹੀਂ ਰੱਖਦਾ।

ਆਪ ਮੇਰੇ ਦੇਸ ਦੀ ਮਲਕਾ ਹੋ, ਆਪ ਦਾ ਵੀ ਇਹ ਫਰਜ਼ ਬਣਦਾ ਹੈ ਕਿ ਆਪ ਆਪਣੀ ਸਾਰੀ ਪਰਜਾ ਨਾਲ ਮਾਂ ਵਾਲਾ ਪਿਆਰ ਕਰੋ ਅਤੇ ਆਪਣਾ ਮਾਂ ਵਾਲਾ ਰਿਸ਼ਤਾ ਸਮਝੋ।

ਇਸ ਖਿਆਲ ਨਾਲ ਅਸਾਂ ਆਪਣੀ ਮਲਕਾਂ ਨੂੰ 'ਮਾਤਾ ਜੀ' ਕਹਿ ਕੇ ਪੁਕਾਰਿਆ ਸੀ। ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਗੁਸਤਾਖੀ ਜਾਂ ਕੋਈ ਬੁਰੀ ਗੱਲ ਨਹੀਂ।'

ਮਲਿਕਾ ਨੂਰ ਜਹਾਨ ਨੇ ਆਪਣੀਆਂ ਅੱਖਾਂ ਨੀਵੀਆਂ ਪਾ ਲਈਆਂ ਅਤੇ ਕੁਝ ਸੋਚਣ ਲੱਗ ਪਈ। ਉਸ ਦਾ ਹਿਰਦਾ ਇਕ ਅਨੋਖੇ ਪਿਆਰ ਨਾਲ ਗਦ-ਗਦ ਹੋ ਰਿਹਾ ਸੀ।

ਜਿਸ ਤਰ੍ਹਾਂ ਇਕ ਠੰਡੇ ਬਰਫ਼ਾਨੀ ਸੋਮੇ ਵਿਚੋਂ ਸੀਤਲ ਤੇ ਨਿਰਮਲ

Sri Satguru Jagjit Singh Ji eLibrary NamdhariElibrary@gmail.com

ਜਲਧਾਰਾ ਆਪੇ ਹੀ ਨਿਵਾਣ ਵਲ ਵਹਿ ਨਿਕਲਦੀ ਹੈ, ਕਿਸੇ ਨੂੰ ਕਿਸੇ ਪ੍ਰਕਾਰ ਦਾ ਯਤਨ ਕਰਨ ਦੀ ਲੋੜ ਨਹੀਂ ਹੁੰਦੀ।

ਇਸੇ ਤਰ੍ਹਾਂ ਅਰਸ਼ੀ ਪ੍ਰੀਤਮ ਜੀ ਦੇ ਪਿਆਰ ਨਾਲ ਛਲਕਦੇ ਹੋਏ ਹਿਰਦੇ ਵਿਚੋਂ ਇਕ ਪਵਿਤਰ ਪਿਆਰ-ਅੰਮ੍ਰਿਤ ਦੀ ਸੀਤਲ ਧਾਰਾ, ਕਲਗੀਆਂ ਵਾਲੇ ਪ੍ਰੀਤਮ ਜੀ ਦੀਆਂ ਨੂਰਾਨੀ ਅੱਖੀਆਂ ਵਿਚੋਂ ਅਤੇ ਸ਼ਹਿਦ ਨਾਲੋਂ ਮਿੱਠੇ ਬਚਨਾਂ ਦਵਾਰਾ ਮਲਕਾ ਨੂਰ ਜਹਾਨ ਦੇ ਹਿਰਦੇ ਨੂੰ ਵੀ ਪਵਿਤਰ ਕਰਦੀ ਚਲੀ ਜਾ ਰਹੀ ਸੀ।

ਉਸ ਨੂੰ ਇਸ ਤਰ੍ਹਾਂ ਪ੍ਰਤੀਤ ਹੋਣ ਲੱਗਾ ਕਿ ਉਹ ਹੁਣ ਦੁਨੀਆਂ ਵਿਚ ਨਹੀਂ ਸੀ, ਸਗੋਂ ਕਿਸੇ ਬਹਿਸ਼ਤ ਜਾਂ ਸਵਰਗ ਵਿਚ ਪਹੁੰਚ ਕੇ ਆਪਣੇ 'ਰਸੂਲ-ਅੱਲਾ' ਦਾ ਪ੍ਰਤੱਖ ਦੀਦਾਰ ਕਰ ਰਹੀ ਸੀ। ਅੰਤ ਉਸ ਨੇ ਅੱਖਾਂ ਉਪਰ ਚੁੱਕੀਆਂ, ਇਕ ਵਾਰ ਮੁੜ ਕੇ 'ਹੁਸਨ ਦੇ ਅਵਤਾਰ' ਦਾ ਨੂਰੀ ਦਰਸ਼ਨ ਕੀਤਾ ਅਤੇ ਅੱਖਾਂ ਵਿਚ ਹੰਝੂ ਭਰ ਕੇ ਬੋਲੀ, 'ਐ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ !

ਇਹ ਨਾਚੀਜ਼ ਜ਼ਿੰਦਗੀ ਸੱਚ-ਮੁਚ ਹੀ ਕਈਆਂ ਭਰਮਾਂ, ਵਹਿਮਾਂ, ਖਾਹਸ਼ਾਂ ਤੇ ਲਾਲਚਾਂ ਵਿਚ ਬਰਬਾਦ ਹੁੰਦੀ ਰਹਿੰਦੀ ਹੈ, ਇਸ ਨੂੰ ਸਿੱਧਾ ਰਾਹ ਦਰਸਾਉਣ ਵਾਲੇ ਰਾਹਬਰ ਦੀ ਲੋੜ ਹੈ।

ਦੁਨੀਆਵੀ ਬਾਦਸ਼ਾਹ ਤੇ ਹਾਕਮ ਖੁਦਗਰਜ਼ੀ ਤੇ ਲਾਲਚਾਂ ਵਿਚ ਫਸੇ ਹੋਏ ਕਈ ਤਰ੍ਹਾਂ ਜ਼ੁਲਮ ਤੋਂ ਅਤਿਆਚਾਰ ਕਰਨ ਲੱਗੇ ਆਪਣੇ ਪਰਵਰਦਗਾਰ ਨੂੰ ਵੀ ਭੁੱਲ ਜਾਂਦੇ ਹਨ ਤੇ ਸਮਝਦੇ ਹਨ ਕਿ ਇਸ ਦੁਨੀਆਂ ਵਿਚ ਅਸੀਂ ਹੀ ਸਭ ਕੁਝ ਹਾਂ।

ਆਪ ਨੇ ਅੱਜ ਉਹ ਰੋਸ਼ਨੀ ਦਿਖਾਈ ਹੈ ਕਿ ਮੇਰੇ ਅੰਦਰੋਂ ਹਕੂਮਤ ਦੇ ਨਸ਼ੇ ਦਾ ਅਨ੍ਹੇਰਾ ਤੇ ਗਰੂਰ ਸਭ ਮਿਟ ਗਿਆ ਹੈ ਤੇ ਖੁਦਾ ਦਾ ਖੌਫ ਦਿਲ ਅੰਦਰ ਆ ਵਸਿਆ ਹੈ। ਹੁਣ ਇਸ ਨਾਚੀਜ਼ ਹਸਤੀ ਨੂੰ ਵਾਪਸ ਜਾਣ ਦੀ ਆਗਿਆ ਬਖਸ਼ੋ।

ਮੈਂ ਆਈ ਤੇ ਆਪਣੇ ਹੁਸਨ ਦੀ ਹਕੂਮਤ ਦਾ ਚਮਤਕਾਰ ਦਿਖਾਉਣ

Sri Satguru Jagjit Singh Ji eLibrary NamdhariElibrary@gmail.com

ਸਾਂ ਤੇ ਮੈਨੂੰ ਇਹ ਨਹੀਂ ਸੀ ਪਤਾ ਕਿ ਕੋਈ ਹੋਰ ਵੀ ਹੁਸਨ ਤੇ ਹਕੂਮਤ ਹੈ, ਜਿਸ ਦੇ ਸਾਹਮਣੇ ਇਹ ਹੰਕਾਰ ਤੇ ਕਈ ਤਰ੍ਹਾਂ ਦੀਆਂ ਸੋਚਾਂ ਫਿਕਰਾਂ ਵਿਚ ਘਿਰੀ ਹਕੂਮਤ ਨਾ ਹੋਇਆਂ ਬਰਾਬਰ ਹੈ।

ਅੱਜ ਉਸ ਹਕੂਮਤ ਦਾ ਤੇ ਸ਼ਹਿਨਸ਼ਾਹ ਦਾ ਪ੍ਰਤੱਖ ਦੀਦਾਰ ਹੋ ਗਿਆ ਹੈ ਤੇ ਸਾਰਾ ਗਰੂਰ ਜਾਂਦਾ ਰਿਹਾ ਹੈ। ਹੇ ਮਿਹਰਾਂ ਦੇ ਮਾਲਕ !ਆਪਣੀਆਂ ਮਿਹਰਾਂ ਨਾਲ ਇਸੇ ਤਰ੍ਹਾਂ ਵਰੌਸਾਉਂਦੇ ਰਹਿਣਾ।

ਮਲਕਾ ਨੂਰ ਜਹਾਂ ਨੇ ਮੀਰੀ-ਪੀਰੀ ਦੇ ਮਾਲਕ ਨੂਰੀ ਪ੍ਰਤੀਮ ਕੋਲੋਂ ਆਗਿਆ ਲਈ ਤੇ ਵਾਪਸ ਆਪਣੇ ਸ਼ਹਿਨਸ਼ਾਹੀ ਅਸਥਾਨ 'ਤੇ ਪਹੁੰਚੀ। ਅੱਗੇ ਹਿੰਦੁਸਤਾਨ ਦੇ ਸ਼ਹਿਨਸ਼ਾਹ ਆਪਣੀ ਹੁਸੀਨ ਮਲਿਕਾਂ ਦੀ ਉਡੀਕ ਕਰ ਰਹੇ ਸਨ, ਉਹ ਮਲਕਾਂ ਦਾ ਸ਼ੰਗਾਰ ਦੇਖ ਕੇ ਗਦ-ਗਦ ਹੋ ਗਿਆ।

ਸੁਥਰਾ ਸ਼ਾਹ ਵੀ ਸ਼ਹਿਨਸ਼ਾਹ ਜਹਾਂਗੀਰ ਦੇ ਪਾਸ ਹੀ ਬੈਠਾ ਸੀ, ਮਲਕਾ ਮੁਸਕ੍ਰਾਈ ਤੇ ਸਿਰ ਨੀਵਾਂ ਕਰਕੇ ਬੋਲੀ 'ਸੁਥਰਾ ਸ਼ਾਹ' ਜੀ ! ਆਪ ਦੇ ਪਾਤਸ਼ਾਹ ਸੱਚਮੁਚ ਹੀ ਦਿਲਾਂ ਦੇ ਪਾਤਸ਼ਾਹ ਹਨ। ਜਿਥੇ ਆਪ ਹੁਸਨ ਦੇ ਅਵਤਾਰ ਹਨ, ਬੀਰਤਾ ਦੇ ਅਵਤਾਰ ਹਨ, ਓਥੇ ਆਪ ਪਵਿੱਤਰਤਾ ਦੇ ਵੀ ਅਵਤਾਰ ਹਨ।

ਜਿਨ੍ਹਾਂ ਦੇ ਸਾਹਮਣੇ ਦੁਨਿਆਵੀ ਤੇ ਹਕੂਮਤ ਇਕ ਤੁਛ ਚੀਜ਼ ਹੈ। ਸੱਚਮੁਚ ਹੀ ਰੱਬ ਦੇ ਪਿਆਰੇ ਆਪਣੇ ਮਾਲਕ ਤੋਂ ਬਿਨਾਂ ਹੋਰ ਕਿਸੇ ਚੀਜ਼ ਵੱਲ ਨਹੀਂ ਕਰਦੇ। ਇਸ ਵਿਚ ਸ਼ੱਕ ਨਹੀਂ ਕਿ ਹਜ਼ੂਰ ਨੇ ਸਾਡਾ ਬੜਾ ਸਤਿਕਾਰ ਕੀਤਾ, ਸਾਨੂੰ ਸੱਚਾ ਤੇ ਸੁੱਚਾ ਪਿਆਰ ਦਿੱਤਾ ਤੇ ਹੋਰ ਆਪਣੇ ਪਿਆਰ ਨਾਲ ਸਾਡੇ ਹਿਰਦੇ ਦਾ ਗਰੂਰ ਸਾਫ ਕਰਕੇ ਸਾਰੇ ਵਹਿਮ ਦੂਰ ਕਰ ਦਿੱਤੇ।

ਆਪ ਸੱਚਮੁਚ ਹੀ ਦਿਲਾਂ ਦੇ ਬਾਦਸ਼ਾਹ ਹਨ ਅਤੇ ਬਿਨਾਂ ਕਿਸੇ ਜਾਤ-ਪਾਤ ਜਾਂ ਮਜ਼ਬ ਦੇ ਵਿਤਕਰੇ ਦੇ ਆਪ ਅੱਲਾ ਵਾਂਗ ਹੀ ਸਾਰਿਆਂ ਨਾਲ ਇਕੋ ਜਿਹਾ ਪਿਆਰ ਕਰਦੇ ਹਨ।

ਉਹ ਲੋਕ ਜਿਨ੍ਹਾਂ ਨੇ ਹਜ਼ੂਰ ਦੀ ਹਸਤੀ ਨੂੰ ਨਹੀਂ ਪਹਿਚਾਣਿਆਂ,

Sri Satguru Jagjit Singh Ji eLibrary NamdhariElibrary@gmail.com

ਉਹ ਭਾਵੇਂ ਆਪ ਨੂੰ ਆਮ ਇਨਸਾਨਾਂ ਵਿਚੋਂ ਇਕ ਇਨਸਾਨ ਜਾਂ ਫਰਿਸ਼ਤਿਆਂ ਵਿਚੋਂ ਇਕ ਫਰਿਸਤਾ ਸਮਝਦੇ ਹੋਣ, ਪਰ ਜਦੋਂ ਉਨ੍ਹਾਂ ਨੇ ਇਸ ਨਾਚੀਜ਼ ਉਤੇ ਮਿਹਰ ਦੀ ਨਜ਼ਰ ਕੀਤੀ, ਭਰਮਾਂ ਤੇ ਵਹਿਮਾਂ ਦੇ ਸਭ ਪਰਦੇ ਹਟ ਗਏ ਤੇ ਇਸ ਤਰ੍ਹਾਂ ਮਹਿਸੂਸ ਹੋਣ ਲੱਗਾ।

ਜਿਵੇਂ ਅਸੀਂ ਦਰਗਾਹ ਵਿਚ ਰਸੂਲ-ਅੱਲਾ ਦੀ ਹਜ਼ੂਰੀ ਵਿਚ ਬੈਠੇ ਹਾਂ। ਦਿਲ ਕੀਤਾ ਕਿ ਅਸੀਂ ਹਜ਼ੂਰ ਦੇ ਕਦਮਾਂ ਨੂੰ ਚੁੰਮ ਲਈਏ।

ਪਰ ਹਜ਼ੂਰ ਨੇ 'ਮਾਤਾ ਜੀ' ਕਹਿ ਕੇ ਸਾਨੂੰ ਇਕ ਉਹ ਇੱਜ਼ਤ ਬਖਸ਼ੀ, ਜੋ ਸਾਨੂੰ ਅੱਜ ਤਕ ਨਸੀਬ ਨਹੀਂ ਸੀ ਹੋਈ। ਆਪ ਨੇ ਇਸ਼ਾਰੇ ਨਾਲ ਸਮਝਾਇਆ ਕਿ ਔਰਤ ਜਹਾਨ ਦੀ ਮਾਂ ਹੈ, ਮਾਂ ਦਾ ਫਰਜ਼ ਨਹੀਂ ਕਿ ਉਹ ਕਿਸੇ ਦੇ ਕਦਮਾਂ ਉਤੇ ਡਿੱਗੇ ਜਾਂ ਕਿਸੇ ਦੇ ਚਰਨ ਚੁੰਮੇ।

ਅਜੇ ਮਲਿਕਾ ਇਹ ਗੱਲਾਂ ਕਰ ਹੀ ਰਹੀ ਸੀ ਕਿ ਸ਼ਹਿਨਸ਼ਾਹ ਜਹਾਂਗੀਰ ਨੂੰ ਆਪਣੀ ਪਿਆਰੀ ਮਲਿਕਾ ਨੂਰ ਜਹਾਂ ਦੇ ਚਿਹਰੇ ਉਤੇ ਹੁਸਨ ਦੀ ਇਕ ਅਨੋਖੀ ਝਲਕ ਪ੍ਰਤੀਤ ਹੋਈ ਤੇ ਉਨ੍ਹਾਂ ਦੇ ਮੂੰਹੋਂ ਨਿਕਲਿਆ, 'ਬੇਸ਼ੱਕ! ਅੱਲਾ ਦੇ ਬੰਦੇ ਅੱਲਾ ਦਾ ਹੀ ਰੂਪ ਹੁੰਦੇ ਹਨ।

ਇਹ ਹੁਸਨ, ਇਹ ਸ਼ਿੰਗਾਰ, ਇਹ ਨੂਰਾਨੀ ਝਲਕ ਦੇਖ ਕੇ ਕਿਸ ਦਾ ਦਿਲ ਨਹੀਂ ਡੋਲ ਜਾਂਦਾ। ਅੱਜ ਹਜ਼ੂਰ ਦੇ ਇਨ੍ਹਾਂ ਸ਼ਬਦਾਂ ਨੇ ਸਾਡੇ ਵੀ ਸਾਰੇ ਭਰਮ ਦੂਰ ਕਰ ਦਿੱਤੇ ਹਨ।

ਮਲਕਾ ਨੂਰ ਜਹਾਂ ਹੁਣ ਕਿਸੇ ਖਿਆਲ ਵਿਚ ਮਗਨ ਸੀ। ਸੁਥਰਾ ਸ਼ਾਹ ਉਠਿਆ ਤੇ 'ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ' ਕਹਿ ਕੇ ਆਪਣੀ ਮੌਜ ਵਿਚ ਜਹਾਂਗੀਰ ਪਾਸੋਂ ਆਗਿਆ ਲਏ ਬਿਨਾਂ ਹੀ ਬਾਹਰ ਨਿਕਲ ਆਇਆ।

ਇਹ ਦੇਖ ਕੇ ਮਲਿਕਾ ਦੇ ਮੂੰਹੋਂ ਨਿਕਲਿਆ, 'ਇਹ ਫਕੀਰ ਬੇਪ੍ਰਵਾਹ ਹੁੰਦੇ ਨੇ, ਆਪਣੀ ਮੌਜ ਦੇ ਮਾਲਕ ਹੁੰਦੇ ਨੇ, ਸਾਨੂੰ ਤੇ ਅੱਜ ਇਸ ਤਰ੍ਹਾਂ ਦਾ ਸਰੂਰ ਆ ਰਿਹਾ ਹੈ ਕਿ ਇਹੋ ਜਿਹਾ ਆਨੰਦ ਇਸ ਜਿੰਦਗੀ ਵਿਚ ਪਹਿਲੇ ਕਦੀ ਵੀ ਨਸੀਬ ਨਹੀਂ ਹੋਇਆ।

Sri Satguru Jagjit Singh Ji eLibrary NamdhariElibrary@gmail.com

# ਸੁਥਰਾ ਹਜ਼ੂਰ ਦੀ ਹਜ਼ੂਰੀ ਵਿਚ

ਸ਼ਹਿਨਸ਼ਾਹ ਜਹਾਂਗੀਰ ਅਤੇ ਮਲਕਾ ਨੂਰ ਜਹਾਂ ਬੇਗਮ ਦੀ ਮੁਲਾਕਾਤ ਮਗਰੋਂ ਸੁਥਰਾ ਸ਼ਾਹ ਨੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਚ ਜਾ ਕੇ ਚਰਨ ਪਰਸਨ ਦਾ ਇਰਾਦਾ ਕੀਤਾ।

ਜਦੋਂ ਇਹ ਗੁਰੂ-ਦਰਬਾਰ ਵਿਚ ਗਿਆ, ਉਸ ਸਮੇਂ ਸਤਿਗੁਰੂ ਜੀ ਆਪਣੇ ਤਖ਼ਤ ਉਤੇ ਬਿਰਾਜਮਾਨ ਸਨ ਅਤੇ ਸੰਗਤ ਵਿਚ ਉਪਦੇਸ਼ ਕਰ ਰਹੇ ਸਨ ਕਿ ਅਕਾਲ ਪੁਰਖ ਸਰਬ ਸ਼ਕਤੀਮਾਨ ਹੈ, ਉਹ ਸਿਰਜਨਹਾਰ ਹੀ ਮਾਰਨ ਤੇ ਜਵਾਵਣ ਦੀ ਸਮਰੱਥਾ ਰੱਖਦਾ ਹੈ। ਇਹ ਜੀਵ ਕੁਛ ਨਹੀਂ ਕਰ ਸਕਦਾ।

ਸੁਥਰੇ ਨੇ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣੇ ਅਤੇ ਏਧਰ ਓਧਰ ਫਿਰਕੇ ਝੱਟ-ਪੱਟ ਹੀ ਇਕ ਚਿੜਾ ਫੜ ਲਿਆਇਆ ਤੇ ਸੱਚੇ ਪਾਤਸ਼ਾਹ ਦੇ ਚਰਨਾਂ 'ਤੇ ਨਮਸਕਾਰ ਕਰਕੇ ਕਹਿਣ ਲੱਗਾ, 'ਹੇ ਦਾਤਾਰ ਜੀਓ! ਆਪ ਘਟ-ਘਟ ਦੀ ਜਾਨਣਹਾਰ ਹੋ। ਆਪ ਜੀ ਨੇ ਫੁਰਮਾਇਆ ਹੈ ਕਿ-

*ਕਰੇ ਕਰਾਵੇ ਆਪੇ ਆਪੁ ॥*
*ਮਾਨਸ ਕੈ ਕਿਛੁ ਨਾਹੀ ਹਾਥ ॥*

ਕੀ ਸੱਚਮੁਚ ਹੀ ਮਨੁੱਖ ਦੇ ਹੱਥ ਕੁਛ ਨਹੀਂ ? ਜੋ ਕਰਦਾ ਹੈ ਕਰਤਾਰ ਸਿਰਜਨਹਾਰ ਹੀ ਕਰਦਾ ਹੈ ? ਇਸ ਸਮੇਂ ਇਸ ਨੇ ਉਹ ਚਿੜਾ ਆਪਣੇ ਹੱਥ ਵਿਚ ਪਕੜਿਆ ਹੋਇਆ ਸੀ ਅਤੇ ਆਪਣਾ ਅੰਗੂਠਾ ਉਸ ਦੀ

Sri Satguru Jagjit Singh Ji eLibrary NamdhariElibrary@gmail.com

ਗਰਦਨ ਉਤੇ ਰੱਖਿਆ ਹੋਇਆ ਸੀ ।

ਸੁਥਰਾ ਕਹਿਣ ਲੱਗਾ, 'ਕੀ ਹਜ਼ੂਰ ਕਹਿ ਸਕਦੇ ਹਨ ਕਿ ਇਹ ਚਿੜਾ ਜੀਉਂਦਾ ਹੈ ਜਾਂ ਮਰਿਆ ਹੋਇਆ ?'

ਸਤਿਗੁਰੂ ਜੀ ਸੁਥਰੇ ਦੀ ਸ਼ਰਾਰਤ ਸਮਝ ਗਏ ਕਿ ਜੇ ਅਸੀਂ ਕਿਹਾ ਕਿ ਇਹ ਮਰਿਆ ਹੋਇਆ ਹੈ ਤਾਂ ਇਸ ਨੇ ਹੱਥੋਂ ਛੱਡ ਕੇ ਫੁਰਰ ਕਰਕੇ ਉਡਾ ਦੇਣਾ ਹੈ ।

ਜੇ ਅਸੀਂ ਕਹਿ ਦਿੱਤਾ ਕਿ ਇਹ ਜੀਉਂਦਾ ਹੈ ਤਾਂ ਇਸ ਨੇ ਉਸ ਦੇ ਗਲ ਉਤੇ ਰੱਖਿਆ ਅੰਗੂਠਾ ਮਲ ਦੇਣਾ ਹੈ ਤੇ ਚਿੜਾ ਮਾਰ ਦੇਣਾ ਹੈ ।

ਇਸ ਲਈ ਹਜ਼ੂਰ ਨੇ ਹੱਸਦਿਆਂ ਕਿਹਾ, 'ਸੁਥਰਿਆ ! ਤੇਰੀਆਂ ਤੂੰ ਹੀ ਜਾਣੇ ! ਤੇਰੇ ਹੱਥ ਵਿਚ ਆਇਆ ਚਿੜਾ ਬੱਸ ਤੇਰੇ ਰਹਿਮ ਉਤੇ ਹੀ ਹੈ ।'

ਸੁਥਰਾ ਮੁਸਕ੍ਰਾਇਆ ਅਤੇ ਹਜ਼ੂਰ ਦੇ ਚਰਨਾਂ ਉਤੇ ਡਿੱਗ ਪਿਆ ਅਤੇ ਕਹਿਣ ਲੱਗਾ, 'ਮੇਰੇ ਸ਼ਹਿਨਸ਼ਾਹ ਜੀਓ ! ਇਹ ਗਰੀਬ ਕੀ ਜਾਣ ਸਕਦਾ ਹੈ । ਆਪ ਹੀ ਮੇਰੇ ਜੀਵਨ ਦਾਤਾ ਹੋ, ਜਿਨ੍ਹਾਂ ਨੇ ਮੈਨੂੰ ਪਾਲਿਆ ਤੇ ਐਡਾ ਕੀਤਾ ।

ਆਪ ਹਰ ਤਰ੍ਹਾਂ ਨਾਲ ਜਾਣੀ ਜਾਣ ਹੋ । ਐ ਦੋ ਜਹਾਨ ਦੇ ਵਾਲੀ ਜੀਓ ! ਅੱਜ ਆਪ ਦੀ ਸੂਰਬੀਰਤਾ ਦਾ ਜਬ੍ਹਾ ਸ਼ਹਿਨਸ਼ਾਹ ਜਹਾਂਗੀਰ ਦੇ ਮਹੱਲਾਂ 'ਤੇ ਵੀ ਬੈਠ ਚੁੱਕਾ ਹੈ । ਅੱਜ ਹਿੰਦੁਸਤਾਨ ਦੀ ਮਲਿਕਾ ਨੂਰ ਜਹਾਂ ਆਪ ਦੀ ਬਾਬਤ ਫੁਰਮਾ ਰਹੀ ਸੀ ਕਿ ਆਪ ਸੱਚਮੁਚ ਹੀ ਬੀਰਤਾ ਦੇ ਅਵਤਾਰ ਹੋ, ਹੁਸਨ ਦੇ ਅਵਤਾਰ ਹੋ, ਪਵਿੱਤਰਤਾ ਦੇ ਅਵਤਾਰ ਹੋ ।

ਆਪ ਦੇ ਦਿਲ ਦਿਮਾਗ ਅਤੇ ਸਰੀਰ ਉਤੇ ਕੋਈ ਕਿਸੇ ਪ੍ਰਕਾਰ ਦਾ ਪ੍ਰਭਾਵ ਨਹੀਂ ਪਾ ਸਕਦਾ । ਪਰ ਮੇਰੇ ਸ਼ਹਿਨਸ਼ਾਹ ਜੀਓ । ਆਪ ਲਾਹੌਰ ਦੇ ਕਾਜ਼ੀ ਦੀ ਸਪੁੱਤਰੀ 'ਕੌਲਾਂ' ਨੂੰ ਉਸ ਦੇ ਪਿਤਾ ਦੇ ਮਹੱਲਾਂ ਵਿਚੋਂ ਕਿਉਂ ਲੈ ਆਏ ਸੀ ?

Sri Satguru Jagjit Singh Ji eLibrary NamdhariElibrary@gmail.com

ਖਿਮਾ ਕਰਨਾ ਇਹ ਸੇਵਕ ਬੜਾ ਮੂਰਖ ਹੈ, ਤੁਸੀਂ ਕਹੋਗੇ ਕਿ ਇਹ ਕਿਹੋ ਜਿਹੇ ਸਵਾਲ ਕਰਦਾ ਹੈ। ਪਰ ਆਪ ਲੋਕ ਪ੍ਰਲੋਕ ਦੇ ਮਾਲਕ ਹੋ। ਸੰਸਾਰ ਦੇ ਰਹਿਬਰ ਹੋ, ਜੇ ਕਰ ਅਜਿਹਾ ਸ਼ੰਕਾ ਉਤਪੰਨ ਹੋ ਜਾਵੇ ਤਾਂ ਇਹ ਵੀ ਆਪ ਨੇ ਹੀ ਨਵਿਰਤ ਕਰਨਾ ਹੈ, ਆਪ ਤੋਂ ਬਿਨਾਂ ਹੋਰ ਕੌਣ ਹੈ, ਜੋ ਅਜਿਹੀ ਗੁੰਝਲ ਹੱਲ ਕਰ ਸਕਦਾ ਹੈ ?

ਸਤਿਗੁਰੂ ਜੀ ਹੱਸ ਪਏ ਤੇ ਫੁਰਮਾਇਆ, ਸੁਥਰਿਆ! ਇਹ ਕਾਹਦੀ ਗੁੰਝਲ ਹੈ। ਸਾਡੇ ਗੁਰਦੇਵ ਪਿਤਾ ਪੰਚਮ ਪਾਤਸ਼ਾਹ ਜੀ ਦੇ ਪਰਮ ਮਿੱਤਰ ਪੀਰ ਮੀਆਂ ਮੀਰ ਜੀ ਨੇ ਜਦੋਂ ਲਾਹੌਰ ਦੇ ਕਾਜ਼ੀ ਦੇ ਘਰ ਸਤਿਗੁਰਾਂ ਦੀ ਸ਼ਹੀਦੀ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਦੇ ਕਹਿਣ 'ਤੇ ਜਦ ਉਨ੍ਹਾਂ ਨੂੰ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਤਖ਼ਤ ਦੀ ਸੇਵਾ ਦਾ ਮਾਣ ਸਾਨੂੰ ਮਿਲਿਆ ਹੈ ਤਾਂ ਉਸ ਸਮੇਂ ਬੀਬੀ ਕੌਲਾਂ ਦੇ ਹਿਰਦੇ ਅੰਦਰ ਸਾਡੇ ਲਈ ਸ਼ਰਧਾ ਤੇ ਪ੍ਰੇਮ ਪੈਦਾ ਹੋ ਗਿਆ।

ਉਹ ਬੀਬੀ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦੇ ਅਰਥ ਸੁਣ ਕੇ ਹੈਰਾਨ ਰਹਿ ਗਈ 'ਤੇ ਉਸ ਨੇ ਪੰਜੇ ਪੌੜੀਆਂ ਕੰਠ ਕਰ ਲਈਆਂ ਤੇ ਹਰ ਰੋਜ਼ ਇਨ੍ਹਾਂ ਦਾ 'ਜਪ' ਬੜੀ ਸ਼ਰਧਾ ਨਾਲ ਕਰਿਆ ਕਰੇ।

ਉਸ ਦੇ ਦਿਲ ਅੰਦਰ ਸਾਡੇ ਦਰਸ਼ਨਾਂ ਲਈ ਤੀਬਰ ਇੱਛਾ ਪੈਦਾ ਹੋ ਗਈ। ਅਸੀਂ ਘੋੜੇ 'ਤੇ ਅਸਵਾਰ ਹੋ ਜਦੋਂ ਕਾਜ਼ੀ ਦੇ ਮਹੱਲਾਂ ਹੇਠੋਂ ਲੰਘੇ ਤਾਂ ਉਹ ਬੀਬੀ ਸੱਚੇ ਦਿਲੋਂ ਨਿਛਾਵਰ ਹੋ ਗਈ ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਜਪ' ਦਾ ਜਾਪ ਕਰਨ ਲੱਗ ਪਈ।

ਕਾਜ਼ੀ ਨੂੰ ਪਤਾ ਲੱਗਾ ਤਾਂ ਉਸ ਨੇ ਬੀਬੀ ਨੂੰ ਝਾੜ ਝੰਬ ਕੀਤੀ, ਪਰ ਜਿਸ ਦੇ ਹਿਰਦੇ ਅੰਦਰ ਗੁਰੂ ਨਾਨਕ ਦਾ ਪ੍ਰੇਮ ਘਰ ਕਰ ਚੁੱਕਾ ਸੀ, ਉਸ ਨੂੰ ਹੁਣ ਕੌਣ ਬੰਧਨ ਪਾ ਸਕਦਾ ਸੀ ? ਕੌਣ ਵਰਜ ਸਕਦਾ ਸੀ ਤੇ ਕੌਣ ਹਟਕ ਸਕਦਾ ਸੀ ?

ਕਾਜ਼ੀ ਨੇ ਆਪਣੀ ਸਪੁੱਤਰੀ ਦਾ ਹੱਠ ਦੇਖ ਕੇ ਉਸ ਨੂੰ ਕਾਫ਼ਰ ਕਿਹਾ ਅਤੇ ਹੁਕਮ ਕੀਤਾ ਕਿ ਜੇ ਉਹ ਜਪੁਜੀ ਦਾ ਪਾਠ ਕਰਨ ਤੋਂ

Sri Satguru Jagjit Singh Ji eLibrary NamdhariElibrary@gmail.com

ਬਾਜ਼ ਆਵੇ ਤਾਂ ਉਸ ਨੂੰ ਬਖਸ਼ ਦਿੱਤਾ ਜਾਵੇਗਾ, ਪਰ ਜੇ ਉਹ ਪਾਠ ਕਰਨਾ ਬੰਦ ਕਰੇ ਤਾਂ ਇਕ ਮਹੀਨੇ ਮਗਰੋਂ ਉਸ ਨੂੰ ਕਤਲ ਕਰ ਦਿੱਤਾ ਜਾਵੇਗਾ।

ਇਸ ਹੁਕਮ ਦਾ ਪੀਰ ਮੀਆਂ ਮੀਰ ਨੂੰ ਪਤਾ ਲੱਗਾ। ਉਨ੍ਹਾਂ ਨੇ ਸਾਨੂੰ ਬੁਲਾਇਆ ਅਤੇ ਕਿਹਾ ਕਿ ਅਸੀਂ ਉਸ ਬੀਬੀ ਨੂੰ ਆਪਣੇ ਪਾਸ ਲੈ ਜਾਈਏ ਅਤੇ ਉਸ ਦੀ ਜਾਨ ਬਚਾਈਏ।

ਸੋ ਪੀਰ ਜੀ ਦੇ ਹੁਕਮ ਅਨੁਸਾਰ ਉਸ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਲਿਆਉਣਾ ਹੀ ਪਿਆ, ਅੱਜ ਉਹ ਬੀਬੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀ ਸੱਚੀ ਸਿਦਕਵਾਨ ਤੇ ਪ੍ਰੇਮਣ ਹੈ ਅਤੇ ਉਸ ਨੇ ਸਾਧ ਸੰਗਤ ਦੀ ਸੇਵਾ ਲਈ ਆਪਣਾ ਜੀਵਨ ਅਰਪਣ ਕੀਤਾ ਹੋਇਆ ਹੈ।

'ਮਹਾਰਾਜ ਜੀਓ! ਖਿਮਾਂ ਕਰਨਾ। ਮਲਕਾਂ ਨੂਰ ਜਹਾਂ ਨੇ ਸ਼ਹਿਨਸ਼ਾਹ ਜਹਾਂਗੀਰ ਨਾਲ ਗੱਲਾਂ ਕਰਦਿਆਂ ਕਿਹਾ ਸੀ ਕਿ ਉਹ ਬੀਬੀ ਹਜ਼ੂਰ 'ਤੇ ਆਸ਼ਕ ਹੋ ਗਈ।'

ਸੁਥਰੇ ਨੇ ਬੜੀ ਨਿਮਰਤਾ ਨਾਲ ਕਿਹਾ, 'ਅੱਗੋਂ ਮੈਂ ਬੇਨਤੀ ਕੀਤੀ ਕਿ ਮੇਰੇ ਸੱਚੇ ਪਾਤਸ਼ਾਹ ਉਤੇ ਲੋਕ ਪ੍ਰਲੋਕ ਦੇ ਸਾਰੇ ਸਿਆਣੇ ਤੇ ਪ੍ਰੇਮੀ ਆਸ਼ਕ ਹਨ, ਪਰ ਇਸ਼ਕ ਕਮਾਉਣਾ ਕੋਈ ਸੌਖਾ ਕੰਮ ਨਹੀਂ।'

ਸਤਿਗੁਰੂ ਜੀ ਮੁਸਕ੍ਰਾਏ ਅਤੇ ਫੁਰਮਾਇਆ, ਸੁਥਰਿਆ! ਤੂੰ ਹਿੰਦੁਸਤਾਨ ਦੀ ਮਲਕਾ ਨੂੰ ਬਾਬਾ ਫਰੀਦ ਜੀ ਦੇ ਉਹ ਬਚਨ ਸੁਣਾਉਣੇ ਸਨ ਕਿ-

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥*
*ਜਿਨ੍ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ॥*
*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥*
*ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥*

ਸੱਚੇ ਆਸ਼ਕ ਉਹੋ ਹੀ ਹਨ, ਜੋ ਆਪਣੇ ਪ੍ਰੀਤਮ ਦੇ ਦੀਦਾਰ (ਦਰਸ਼ਨ) ਦੇ ਰੰਗ ਵਿਚ ਰੰਗੇ ਹੋਏ ਰੱਬੀ ਇਸ਼ਕ ਵਿਚ ਲੀਨ ਹੋਏ ਹਨ,

Sri Satguru Jagjit Singh Ji eLibrary NamdhariElibrary@gmail.com

ਉਹ ਹੀ ਸੱਚੇ ਆਸ਼ਕ ਹੁੰਦੇ ਹਨ ।

ਆਸ਼ਕ ਹੋਣਾ ਤੇ ਇਸ਼ਕ ਕਮਾਉਣਾ ਕੋਈ ਸੌਖਾ ਕੰਮ ਨਹੀਂ । ਇਸ਼ਕ ਕਮਾਉਣ ਵਾਲੇ ਦੇ ਹਿਰਦੇ ਅੰਦਰ ਕਿਸੇ ਪ੍ਰਕਾਰ ਦੀ ਕੋਈ ਖਾਹਸ਼ ਜਾਂ ਵਾਸ਼ਨਾ ਨਹੀਂ ਰਹਿੰਦੀ । ਇਸ਼ਕ ਰੱਬ ਦੀ ਜਾਤ ਹੈ । ਉਸ ਦਿਨ ਸ਼ਾਹ ਹੁਸ਼ੈਨ ਕੋਲੋਂ ਲਾਹੌਰ ਸੁਣਿਆ ਸੀ ਕਿ ਨਹੀਂ, ਜਦੋਂ ਉਹ ਗਾਉਂਦਾ ਸੀ-

'ਇਸ਼ਕ ਅੱਲਾ ਦੀ ਜ਼ਾਤ ਲੋਕਾਂ ਦਾ ਮਿਹਣਾ ।'

ਆਸ਼ਕ ਹੋਣਾ ਤੇ ਇਸ਼ਕ ਕਮਾਣਾ ਬੜਾ ਮੁਸ਼ਕਿਲ ਹੈ । ਉਹ ਧੰਨ ਹਨ ਜੋ ਸੱਚੇ ਦਿਲੋਂ ਇਸ਼ਕ ਕਮਾਉਂਦੇ ਹਨ ਤੇ ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਲਿਵਲੀਨ ਰਹਿੰਦੇ ਹਨ ।

'ਹਜ਼ੂਰ ! ਗੁਸਤਾਖੀ ਮੁਆਫ਼ ।' ਸੁਥਰੇ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਕਿ ਹਜ਼ੂਰ ਵੀ ਇਸ਼ਕ ਕਰਦੇ ਹਨ ? ਤੇ ਕਿਸ ਨਾਲ ?

'ਸੁਥਰਿਆ ! ਇਹ ਨਾ ਪੁੱਛ ।' ਹਜ਼ੂਰ ਨੇ ਫ਼ੁਰਮਾਇਆ ਜਿਸ ਪ੍ਰੀਤਮ ਦਾ ਨੂਰ ਸਾਰੇ ਬ੍ਰਹਿਮੰਡ ਵਿਚ ਪਸਰਿਆ ਹੋਇਆ ਹੈ ਅਤੇ ਜਿਸ ਦੇ ਨੂਰਾਨੀ ਦਰਸ਼ਨ ਲਈ ਵੱਡੇ-ਵੱਡੇ ਅਵਤਾਰ ਪੈਗੰਬਰ ਤਰਸਦੇ ਰਹੇ ਹਨ, ਇਹ ਚੇਟਕ ਉਸ ਦੀ ਲੱਗੀ ਹੋਈ ਹੈ ਤੇ ਉਹੋ ਸਾਡੇ ਹਿਰਦੇ ਨੂੰ ਆਪਣੇ ਪ੍ਰੇਮ ਵਿਚ ਕੱਸੀ ਬੈਠਾ ਹੈ ।

ਉਸ ਤੋਂ ਸਿਵਾ ਇਹ ਦਿਲ ਹੋਰ ਕਿਸੇ ਪਾਸੇ ਨਹੀਂ ਜਾ ਸਕਦਾ। ਪਰ ਮੇਰੇ ਸ਼ਹਿਨਸ਼ਾਹ ਗੁਰਦੇਵ ਜੀ ਨੇ ਉਸ ਪ੍ਰੀਤਮ ਨੂੰ ਕਿਹਾ ਸੀ,'ਜੋ ਦੀਸੈ ਸੁ ਤੇਰਾ ਰੂਪ ।' ਸੋ ਸਾਨੂੰ ਹਰ ਕਿਣਕੇ ਵਿਚ, ਹਰ ਪੁਰਸ਼, ਇਸਤਰੀ ਤੇ ਬੱਚੇ ਵਿਚ ਉਸੇ ਦਾ ਰੂਪ ਹੀ ਨਜ਼ਰ ਆਉਂਦਾ ਹੈ ।

ਇਸੇ ਲਈ ਜਨਤਾ ਦੀ ਸੇਵਾ ਉਸ ਸਿਰਜਨਹਾਰ ਦੀ ਸੇਵਾ ਪ੍ਰਤੀਤ ਹੋ ਰਹੀ ਹੈ । ਗੁਰਮੁੱਖ ਤੇ ਮਨਮੁੱਖ ਵਿਚ ਇਹੋ ਫਰਕ ਹੈ । ਗੁਰਮੁੱਖ ਜੋ ਕਰਦਾ ਹੈ, ਉਹ ਗੁਰੂ ਦੇ ਹੁਕਮ ਅਨੁਸਾਰ ਕਰਦਾ ਹੈ । ਉਸ ਦੇ ਸਾਹਮਣੇ, ਉਸ ਦੇ ਹਿਰਦੇ ਅੰਦਰ ਤੇ ਆਲੇ-ਦੁਆਲੇ ਸਤਿਗੁਰੂ ਜੀ ਦੀ ਜੋਤ ਦਾ ਪ੍ਰਕਾਸ਼ ਹੁੰਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਉਹ ਸਭ ਕੁਝ ਕਰਦਾ ਹੋਇਆ ਵੀ ਇਸ ਤਰ੍ਹਾਂ ਪ੍ਰਤੀਤ ਕਰਦਾ ਹੈ ਕਿ ਮੈਂ ਕੁਛ ਨਹੀਂ ਕਰ ਰਿਹਾ ਹਾਂ। ਮੈਂ ਤੇ ਸਤਿਗੁਰੂ ਦਾ ਬੈ-ਖਰੀਦ ਬੰਦਾ ਹਾਂ, ਮੇਰਾ ਸਤਿਗੁਰੂ ਜੋ ਕਰਵਾਉਂਦਾ ਹੈ, ਮੈਂ ਕਰੀ ਜਾਂਦਾ ਹਾਂ। ਇਹੋ ਮਹਾਂ ਵਾਕ ਮੇਰੇ ਸ਼ਹਿਨਸ਼ਾਹ ਸਤਿਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ, ਗੁਰਦੇਵ ਪਿਤਾ ਜੀ ਦਾ ਫੁਰਮਾਨ ਹੈ :

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*

*(ਪੰਨਾ ੨੮੬)*

ਇਸ ਤੋਂ ਉਲਟ ਮਨਮੁੱਖ ਜੋ ਕਰਦਾ ਹੈ, ਹਉਮੈ ਦੇ ਅਸਰ ਹੇਠ ਕਰਦਾ ਹੈ। ਉਸ ਦੇ ਦਿਮਾਗ, ਦਿਲ ਸਰੀਰ ਉਤੇ ਹਉਮੈ ਦਾ ਪ੍ਰਭਾਵ ਹੁੰਦਾ ਹੈ, ਇਸ ਲਈ ਹਉਮੈ ਵਿਚ ਗ੍ਰਸਿਆ ਹੋਇਆ ਭਟਕਦਾ ਫਿਰਦਾ ਹੈ।

ਜੇ ਉਹ ਤੀਰਥਾਂ, ਮੰਦਰਾਂ, ਗੁਰਦਵਾਰਿਆਂ, ਵਿਚ ਜਾਂਦਾ ਹੈ ਤਾਂ ਹਉਮੈ ਵਿਚ ਹੀ ਸਭ ਕਰਮ ਕਰਦਾ ਹੈ ਕਿ ਮੈਂ ਇਹ ਸ਼ੁੱਭ ਕਰਮ ਕੀਤੇ ਹਨ। ਹਉਮੈ ਵਿਚ ਨਾਮ ਦਾ ਸਿਮਰਨ ਵੀ ਇਕ ਪ੍ਰਕਾਰ ਦਾ ਦਿਖਾਵਾ ਹੈ, ਧੋਖਾ ਹੈ, ਫਰੇਬ ਹੈ। ਉਹ ਲੋਕਾਂ ਨੂੰ ਦਿਖਾ ਰਿਹਾ ਹੁੰਦਾ ਹੈ ਕਿ ਮੈਂ ਗੁਰੂ ਦੇ ਦਰ 'ਤੇ ਜਾ ਕੇ ਪਾਠ ਕਰਦਾ ਹਾਂ, ਪਰ ਕਬੀਰ ਜੀ ਨੇ ਸਾਫ ਕਿਹਾ-

*ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥*

*(ਪੰਨਾ ੪੮੪)*

ਸਿਰਜਨਹਾਰੇ ਦਾਤਾਰ ਜਾਣਦਾ ਹੈ ਕਿ ਕਿਸ ਦੇ ਹਿਰਦੇ ਅੰਦਰ ਸੱਚੀ ਪ੍ਰੀਤ ਹੈ ਤੇ ਕੌਣ ਦਿਖਾਵਾ ਕਰ ਰਿਹਾ ਹੈ। ਸੋ ਇਹ ਯਾਦ ਰੱਖੋ ਪੰਚਮ ਪਾਤਸ਼ਾਹ ਦਾ ਫੁਰਮਾਨ :-

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*

*(ਪੰਨਾ ੨੭੮)*

Sri Satguru Jagjit Singh Ji eLibrary NamdhariElibrary@gmail.com

ਮਨਮੁੱਖਾਂ ਲਈ ਇਸੇ ਲਈ ਗਰਭ ਜੋਨ ਕਾਇਮ ਰਹਿੰਦੀ ਹੈ, ਕਿਉਂਕਿ ਉਹ ਜੋ ਕਰਦੇ ਹਨ, ਹਉਮੈ ਦੇ ਅਸਰ ਹੇਠ ਦਿਖਾਵੇ ਲਈ ਕਰਦੇ ਹਨ ।

ਗੁਰਮੁਖਾਂ ਦਾ ਨਾਮ, ਦਾਨ, ਇਸ਼ਨਾਨ ਸੁਭਾਵਿਕ ਹੀ ਸਤਿਗੁਰਾਂ ਦੇ ਭਾਣੇ ਵਿਚ ਹੁੰਦਾ ਹੈ, ਇਹ ਤਿੰਨੇ ਗੱਲਾਂ ਉਨ੍ਹਾਂ ਦਾ ਸੁਭਾ ਬਣ ਗਈਆਂ ਹਨ, ਪਰ ਮਨਮੁੱਖ ਕਹਿੰਦਾ ਹੈ ਕਿ ਨਹੀਂ ਇਹ ਮੈਂ ਕਰਦਾ ਹਾਂ। ਜੋ ਕੁਝ ਹਉਮੈ ਅੰਦਰ ਕੀਤਾ ਜਾਵੇ ਉਹ ਸਗੋਂ ਬੰਧਨ ਰੂਪ ਜੋ ਜਾਂਦਾ ਹੈ। ਯਾਦ ਰੱਖੋ :

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮੁ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ॥*
*ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ॥*
*ਦੀਜੈ ਬੁਧਿ ਬਿਬੇਕਾ॥*

*(ਪੰਨਾ ੬੪੧)*

ਸ਼ਹਿਨਸ਼ਾਹ ਮੀਰੀ-ਪੀਰੀ ਦੇ ਮੁਖਾਰਬਿੰਦ ਤੋਂ ਇਹ ਅਮੋਲਕ ਬਚਨ ਸੁਣ ਕੇ ਸੁਥਰਾ ਸਾਹ ਚਰਨਾਂ ਉਤੇ ਢਹਿ ਗਿਆ ਅਤੇ ਰੋ-ਰੋ ਕੇ ਸਤਿਗੁਰਾਂ ਦੇ ਚਰਨ ਕੰਵਲ ਗਿੱਲੇ ਕਰ ਦਿੱਤੇ। ਸ਼ਹਿਨਸ਼ਾਹ ਜੀ ਨੇ ਉਸ ਨੂੰ ਬਾਹੋਂ ਪਕੜ ਉਠਾਲਿਆ, ਛਾਤੀ ਨਾਲ ਲਾਇਆ ਅਤੇ ਕਿਹਾ ਸੁਥਰਿਆ ਇਹ ਕੀ ?

ਮੇਰੇ ਜੀਵਨ ਦਾਤਾ ਜੀਓ ! ਇਹ ਠੀਕ ਹੈ ਕਿ 'ਹਉ ਕਰੀ ਕਰਾਇਆ ਖਸਮੁ ਕਾ' ਮੈਥੋਂ ਮੇਰਾ ਪਾਤਸ਼ਾਹ ਜੋ ਕਰਾਉਂਦਾ ਹੈ, ਮੈਂ ਕਰੀ ਜਾਂਦਾ ਹਾਂ, ਪਰ ਦਾਤਾਰ ਜੀਓ ! ਕਰਦਾ ਤੇ ਮੈਂ ਹੀ ਹਾਂ ਨਾ ! ਉਹ ਕਰਤਾਰ ਤੇ

Sri Satguru Jagjit Singh Ji eLibrary NamdhariElibrary@gmail.com

ਨਹੀਂ ਨਾ ਕਰਦਾ। ਜਿਥੇ ਜਾਂਦਾ ਹਾਂ, ਮੈਂ ਜਾਂਦਾ ਹਾਂ। ਜੇ ਕਿਸੇ ਨੂੰ ਕੁਝ ਕਹਿੰਦਾ ਹਾਂ, ਜਾਂ ਕਿਸੇ ਕੋਲੋਂ ਕੁਝ ਮੰਗਦਾ ਹਾਂ, ਉਹ ਮੈਂ ਹੀ ਮੰਗਦਾ ਹਾਂ, ਕਰਤਾਰ ਤੇ ਨਹੀਂ ਆ ਕੇ ਮੰਗਦਾ।

ਇਸ ਲਈ ਬਖਸ਼ਣਹਾਰ ਜੀਓ ! ਮੈਂ ਫਿਰ ਗਰਭ ਜੋਨਿ ਵਿਚ ਫਿਰਦਾ ਰਹਾਂਗਾ ? ਨਹੀਂ, ਮੇਰਾ ਦਿਲ ਕਹਿੰਦਾ ਹੈ ਨਹੀਂ, ਮੈ ਆਪਣੇ ਬਖਸ਼ਣਹਾਰੇ ਦਾ ਬਣਾਇਆ ਹੋਇਆ 'ਸੁਥਰਾ' ਹਾਂ, ਨਿਰਮਲ ਹਾਂ, ਕੁਥਰਾ ਨਹੀਂ। ਜਿਥੇ 'ਸਿਰ ਉਪਰ ਠਾਡਾ ਗੁਰੂ ਸੂਰਾ' ਹੋਵੇ ਉਥੇ ਹਉਮੈ ਦਾ ਪ੍ਰਭਾਵ ਕਿਸ ਤਰ੍ਹਾਂ ਹੋ ਸਕਦਾ ਹੈ ? ਸੁਥਰੇ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ।

ਸਤਿਗੁਰਾਂ ਨੇ ਫੁਰਮਾਇਆ, 'ਸੁਥਰਿਆ ! ਤੂੰ ਆਪ 'ਸ਼ਾਹ' ਹੈਂ। ਮੇਰੇ ਸ਼ਹਿਨਸ਼ਾਹ ਨਾਨਕ ਪਾਤਸ਼ਾਹ ਦਾ ਵਰੋਸਾਇਆ। ਤੇਰੇ ਮੂੰਹ ਵਿਚ ਹਰ ਸਮੇਂ ਇਹ ਰਹਿੰਦਾ ਹੈ, ਹਰਦਮ ਨਾਨਕ ਸ਼ਾਹ, ਧਰਮ ਦਾ ਬੇੜਾ ਬੰਨੇ ਲਾ।' ਸੋ ਮੇਰੇ ਸ਼ਹਿਨਸ਼ਾਹ ਸਤਿਗੁਰੂ ਜੀ ਦਾ ਫੁਰਮਾਨ ਹੈ :

*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ*
*ਫਿਰਿ ਗਰਭਾਸਿ ਨ ਪਰਿਆ ਰੇ॥ (ਪੰਨਾ ੬੧੨)*

ਤੂੰ ਨਾਨਕ ਪਾਤਸ਼ਾਹ ਨੂੰ ਨਿਰਾ ਸੁਣਿਆ ਪੇਖਿਆ ਹੀ ਨਹੀਂ, ਸਗੋਂ ਹਿਰਦੇ ਅੰਦਰ ਇਸ ਤਰ੍ਹਾਂ ਅਨੁਭਵ ਕੀਤਾ ਹੈ ਕਿ 'ਗੁਰ ਮੇਰੇ ਸੰਗਿ ਸਦਾ ਹਰਿ ਨਾਲੇ।' ਤੂੰ ਸ਼ਹਿਨਸ਼ਾਹ ਨਾਨਕ ਪਾਤਸ਼ਾਹ ਦਾ ਨਾਂ ਸਭਨਾਂ ਨੂੰ ਸੁਣਾਇਆ ਹੈ, ਸੁਣਾ ਰਿਹਾ ਹੈ, ਇਸ ਲਈ ਹਉਮੈ ਤੇਰੇ ਨੇੜੇ ਕਿਸ ਤਰ੍ਹਾਂ ਆ ਸਕਦੀ ਹੈ।

ਤੇਰੇ ਪ੍ਰੇਮ ਸਦਕੇ ਨਾਨਕ ਨਾਮ ਲੇਵਾ ਵੀ ਕਦੀ ਫਿਰ ਗਰਭਾਸ ਨਹੀਂ ਪੈ ਸਕਦੇ, ਤੂੰ ਕਿਸ ਤਰ੍ਹਾਂ ਗਰਭਾਸ ਵਿਚ ਪੈ ਸਕਦਾ ਹੈ ?

ਸਤਿਗੁਰਾਂ ਦੇ ਇਹ ਪ੍ਰੇਮ ਭਰੇ ਬਚਨ ਸੁਣ ਕੇ ਸੁਥਰਾ ਸ਼ਾਹ ਨੱਚਣ ਲੱਗ ਪਿਆ ਅਤੇ ਨਾਲ ਇਹ ਮਹਾਂਵਾਕ ਗਾਉਣ ਲੱਗ ਪਿਆ :

*ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ ਸੇ*
*ਫਿਰਿ ਗਰਭਾਸਿ ਨ ਪਰਿਆ ਰੇ॥ (ਪੰਨਾ ੬੧੨)*

Sri Satguru Jagjit Singh Ji eLibrary NamdhariElibrary@gmail.com

ਸ਼ਹਿਨਸ਼ਾਹ ਜੀ ਨੇ ਉਸ ਨੂੰ ਬਾਹੋਂ ਪਕੜ ਕੇ ਥਾਪੀ ਦਿੱਤੀ ਤੇ ਕਿਹਾ, ਸੁਥਰਿਆ ਜਾਓ ! ਜਾ ਕੇ 'ਨਾਨਕ ਨਾਮ' ਦੇ ਦੋਹੀ ਫਿਰਾਓ। ਜਿਥੇ ਵੀ ਜਾਓਗੇ, ਜਾਂ ਜਿਥੇ ਵੀ ਤੇਰੀ ਸੰਪਰਦਾਇ ਦਾ ਕੋਈ 'ਨਾਨਕ ਨਾਮੁ' ਲੈਣ ਵਾਲਾ ਹੋਵੇਗਾ, ਗੁਰਸਿੱਖ ਤੇਰਾ ਤੇ ਉਸ ਦਾ ਸਤਿਕਾਰ ਕਰਨਗੇ ਅਤੇ ਯਥਾ ਸ਼ਕਤ ਪ੍ਰੇਮ ਭੇਟਾ ਦੇਣਗੇ।

ਇਹ ਗੁਰੂ ਨਾਨਕ ਦੇਵ ਦੇ ਚਰਨ ਕੰਵਲਾਂ ਦਾ ਆਸਰਾ ਲੈਣ ਵਾਲੇ ਹਰ ਇਕ ਗੁਰਸਿੱਖ ਅਥਵਾ ਗੁਰਮੁੱਖ ਦਾ ਦਿੱਲੀ ਉਤਸ਼ਾਹ ਹੋਵੇਗਾ ਕਿ ਉਹ ਸੁਥਰਾ ਸ਼ਾਹ ਨਾਲ ਪਿਆਰ ਕਰਦਾ ਹੋਇਆ ਪਿਆਰ ਭੇਟਾ ਅਰਪਨ ਕਰੇ।

ਸੁਥਰਾ ਸ਼ਾਹ ਨੇ ਸ਼ਹਿਨਸ਼ਾਹ ਮੀਰੀ-ਪੀਰੀ ਦੇ ਮਾਲਕ ਸਤਿਗੁਰਾਂ ਦੇ ਚਰਨਾਂ ਕੰਵਲਾਂ ਉਤੇ ਨਮਸਕਾਰ ਕੀਤੀ, ਡੰਡੋਤ ਕੀਤੀ ਅਤੇ ਆਗਿਆ ਮੰਗੀ ਕਿ ਮੈਂ ਸਾਰੇ ਦੇਸ਼ ਦਾ ਭਰਮਣ ਕਰਾਂ ਤੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਸਾਰੇ ਭਾਰਤ ਵਰਸ਼ ਵਿਚ ਦੋਹੀ ਫਿਰਾਉਂਦਾ ਰਹਾਂ।

ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਆਗਿਆ ਲੈ ਕੇ ਸੁਥਰਾ ਸ਼ਾਹ ਤੀਰਥਾਂ ਵਲ ਤੁਰ ਗਿਆ। ਜਿਥੇ ਜਾਂਦਾ ਇਕ ਬੇਪ੍ਰਵਾਹ ਅਲਮਸਤ ਫਕੀਰ ਵਾਂਗ ਨਾਮ ਦਾ ਸਿਮਰਨ ਕਰਦਾ ਲੋਕਾਂ ਨੂੰ ਨਾਮ ਦੀ ਬਾਣੀ ਦੀ ਸਿਖਿਆ ਦੇਂਦਾ ਤੁਰਿਆ ਜਾਂਦਾ।

ਜਿਥੇ ਜਾਂਦਾ ਸਿੱਖ ਸੰਗਤਾਂ ਇਸ ਦਾ ਸਵਾਗਤ ਕਰਦੀਆਂ ਤੇ ਯਥਾ ਸ਼ਕਤ ਇਸ ਨੂੰ ਭੇਟਾ ਕਰਦੀਆਂ।

ਸੁਥਰਾ ਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਮਗਰੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਬਾਰ ਵਿਚ ਵੀ ਭਾਰੀ ਸੇਵਾ ਕੀਤੀ। ਇਕ ਵਾਰੀ ਇਹ ਸਤਿਗੁਰਾਂ ਦੇ ਦਰਬਾਰ ਵਿਚ ਬੈਠਾ ਸੀ ਤਾਂ ਭਾਈ ਭਗੀਰਥੀਏ ਨੇ ਕਿਹਾ ਕਿ ਸੁਥਰਿਆ ! ਤੂੰ ਸਾਰੀ ਉਮਰ ਗੁਰੂ ਘਰ ਦੀ ਸੇਵਾ ਕੀਤੀ ਹੈ ਅਤੇ ਦੂਰ-ਦੂਰ ਜਾ ਕੇ ਮਾਈ ਭਾਈ ਸਭ ਨੂੰ ਨਾਨਕ ਨਾਮ ਦਾ ਉਪਦੇਸ਼ ਦੇ ਕੇ ਕਿਰਤਾਰਥ ਕਰਦਾ ਰਿਹਾ

Sri Satguru Jagjit Singh Ji eLibrary NamdhariElibrary@gmail.com

ਹੈ ।

ਸਤਿਗੁਰਾਂ ਨੇ ਗ੍ਰਿਹਸਥ ਨੂੰ ਸਭ ਤੋਂ ਉੱਤਮ ਮੰਨਿਆ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ 'ਸਗਲ ਧਰਮ ਮਹਿ ਗ੍ਰਿਹਸਥ ਪ੍ਰਧਾਨ ਹੈ' ਕਿਹਾ ਹੈ, ਫੇਰ ਵੀ ਤੂੰ ਵਿਆਹ ਕਰਵਾ ਕੇ ਗ੍ਰਿਹਸਥ ਧਰਮ ਧਾਰਨ ਕਿਉਂ ਨਹੀਂ ਕੀਤਾ ?

ਭਾਈ ਭਗੀਰਥੀਏ ਜੀ ਦਾ ਬਚਨ ਸੁਣ ਕੇ ਸੁਥਰਾ ਸ਼ਾਹ ਹੱਸਿਆ ਤੇ ਕਹਿਣ ਲੱਗਾ, 'ਭਾਈ ਸਾਹਿਬ ! ਅਸਾਂ ਗ੍ਰਿਹਸਥ ਧਰਮ ਦਾ ਤਿਆਗ ਵੀ ਤਾਂ ਨਹੀਂ ਕੀਤਾ ।

ਜਿਥੇ ਜਾਈਦਾ ਹੈ, ਆਲੇ ਦੁਆਲੇ ਗ੍ਰਿਹਸਥੀ ਹੀ ਤਾਂ ਰਹਿੰਦੇ ਹਨ। ਅਸੀਂ ਸ਼ਹਿਰ-ਗਿਰਾਉਂ ਛੱਡ ਕੇ ਕਿਸੇ ਜੰਗਲ ਵਿਚ ਤਾਂ ਨਹੀਂ ਚਲੇ ਗਏ। ਅਸੀਂ ਤੇ ਇਹ ਸਮਝਦੇ ਹਾਂ ਜਿੰਨੇ ਬੰਧਨ ਪਾਈ ਜਾਓ, ਜੀਵ ਉਨ੍ਹਾਂ ਵਿਚ ਫਸਦਾ ਚਲਿਆ ਜਾਂਦਾ ਹੈ ।

ਇਹੋ ਤਾਂ ਮੋਹ ਮਾਇਆ ਹੈ । ਅਸੀਂ ਗ੍ਰਿਹਸਥੀਆਂ ਤੇ ਗ੍ਰਿਹਸਤ ਵਿਚ ਰਹਿੰਦੇ ਹੋਏ ਮੋਹ ਮਾਇਆ ਦੇ ਬੰਧਨਾਂ ਤੋਂ ਅਟੰਕ ਰਹਿਣਾ ਚਾਹੁੰਦੇ ਹਾਂ ਤੇ ਕਹਿ ਰਹੇ ਹਾਂ, ਪਰ ਗ੍ਰਿਹਸਥ ਦਾ ਤਿਆਗ ਨਹੀਂ ਕੀਤਾ ।'

'ਜੇ ਗ੍ਰਿਹਸਥ ਦਾ ਤਿਆਗ ਨਹੀਂ ਕੀਤਾ ਤਾਂ ਫੇਰ ਤੁਹਾਡਾ ਪਰਿਵਾਰ ਕਿਥੇ ਹੈ ?' ਭਾਈ ਸਾਹਿਬ ਨੇ ਪੁੱਛਿਆ ।

'ਇਹ ਸੰਸਾਰ ਸਾਡਾ ਪਰਿਵਾਰ ਹੈ । ਅਸੀਂ ਇਸੇ ਪਰਿਵਾਰ ਵਿਚ ਵਿਚਾਰਦੇ ਹਾਂ ਤੇ ਇਸੇ ਨਾਲ ਹੀ ਖੁਸ਼ ਰਹਿੰਦੇ ਹਾਂ । ਨਾ ਬਹੁਤਾ ਖਿਲਾਰਾ ਖਿਲਾਰਿਆ ਹੈ ਅਤੇ ਨਾ ਹੀ ਬਹੁਤੇ ਝੰਮੇਲਿਆਂ ਵਿਚ ਫਸ ਕੇ ਲੇਖਾ ਦੇਣ ਦੀ ਸਲਾਹ ਹੈ । ਆਪ ਨਿਰੰਕਾਰ ਨੇ ਸਾਨੂੰ ਜਨਮ ਦਿੱਤਾ ਹੈ ਤੇ ਨਿਰੰਕਾਰ ਨੂੰ ਸਾਡੇ ਪਾਲਣ ਲਈ ਹੀ ਮੀਰੀ-ਪੀਰੀ ਦਾ ਰੂਪ ਧਾਰਨਾ ਪਿਆ ।

ਹੁਣ ਅਸੀਂ ਮੁੜ ਜਨਮ ਲੈਣਾ ਨਹੀਂ । ਜੇ ਕਿਸੇ ਹੋਰ ਝੰਮੇਲੇ ਵਿਚ ਪੈ ਜਾਂਦੇ ਤਾਂ ਇਹ ਚੁਰਾਸੀ ਦਾ ਗੇੜ ਫੇਰ ਤਿਆਰ ਸੀ । ਅਸੀਂ ਤੇ ਇਹ ਸਮਝਦੇ ਹਾਂ :

Sri Satguru Jagjit Singh Ji eLibrary NamdhariElibrary@gmail.com

ਨਾਨਕ ਸ਼ਾਹ ਦਾ ਨਾਮ ਹੈ ਇਸ ਜੀਵਨ ਦਾ ਤੱਥ।
ਬਿਨ ਹਰਿ ਨਾਮ ਨਾ ਜਾਣਦੇ, ਕੋਈ ਗੱਲ ਨਾ ਕੱਥ।
ਇਹੋ ਮਾਰਗ ਸੱਚ ਦਾ, ਇਹੋ ਸੁੱਚਾ ਪੱਥ।
ਲੋਕੀਂ ਭਾਵੇਂ ਕਹਿਣ ਪਏ ਸੁਥਰਾ ਨਿਰਾ ਉਲੱਥ।
ਪਰ ਸਾਹਿਬ ਨੇ ਪਾ ਲਈ ਨੱਕ ਅਸਾਡੇ ਨੱਥ।
ਜਿਉਂ ਨਚਾਵੇ ਨੱਚੀਏ ਹੋਰ ਨਾ ਕੋਈ ਸੱਥ।
ਪੁੱਤਰ ਧੀਆਂ ਫਾਹੀਆਂ ਦੇਂਦੇ ਜੀਵਨ ਮੱਥ।
ਅਸੀਂ ਤੇ ਸੁਥਰੇ ਸ਼ਾਹ ਹਾਂ ਬੇ-ਡਰ ਤੇ ਸਿਰਲੱਥ।
ਸ਼ਾਹ ਨਾ ਸ਼ਾਹ ਨੇ ਬਖਸ਼ਿਆ ਬੇ-ਫਿਕਰੀ ਦਾ ਰੱਥ।
ਜਾਂਦੀ ਵਾਰੀ ਸੁਥਰਿਆ ਰੱਖ ਛਾਤੀ 'ਤੇ ਹੱਥ।
ਹੱਸ ਖੇਡ ਕੇ ਚੱਲਣਾ ਓਸ ਅਨੋਖੇ ਪੱਥ।
ਨਾਨਕ ਸ਼ਾਹ ਤੋਂ ਸੁਥਰਿਆ ਲਈ ਅਮੋਲਕ ਵੱਥ।

ਸੋ ਭਾਈ ਸਾਹਿਬ ਅਸਾਂ ਗ੍ਰਿਹਸਥ ਦੇ ਝੰਮੇਲਿਆਂ ਵਿਚ ਫਸ ਕੇ ਕੀ ਲੈਣਾ ਏਂ। ਨਾ ਅਸੀਂ ਗ੍ਰਿਹਸਥ ਵਿਚ ਪਏ ਅਤੇ ਨਾ ਹੀ ਕੋਈ ਅਜਿਹਾ ਕੰਮ ਕੀਤਾ ਹੈ, ਜਿਸ ਨਾਲ ਅਸੀਂ ਆਵਾਗਨ ਵਿਚ ਪੈ ਸਕਦੇ ਹਾਂ।

ਸਾਡੇ ਉਤੇ ਸਤਿਗੁਰਾਂ ਨੇ ਮਿਹਰਾਂ ਕੀਤੀਆਂ, ਜੀਵਨ ਬਖਸ਼ਿਆ, ਸਾਨੂੰ ਸੁਥਰੇ ਤੋਂ ਸੁਥਰਾ ਬਣਾਇਆ, ਸੋ ਅਸੀਂ ਇਸ ਸੰਸਾਰ ਵਿਚ 'ਸੁਥਰੇ' ਰਹਿ ਕੇ ਜੀਵਨ ਬਤੀਤ ਕੀਤਾ ਹੈ ਅਤੇ ਗੁਰੂ ਨਾਨਕ ਦੀਆਂ ਬਖਸ਼ਿਸ਼ਾਂ ਦੇ ਸਦਕੇ 'ਸੁਥਰੇ' ਰਹਿ ਕੇ ਹੀ ਸੱਚਖੰਡ ਵਿਚ ਜਾ ਬਿਰਾਜਣਾ ਹੈ।

ਸੁਥਰੇ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਸਾਰੇ ਗੁਰਸਿੱਖ ਗਦ ਗਦ ਹੋ ਰਹੇ ਸਨ। ਇਹ ਗੱਲਾਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਤਕ ਵੀ ਪਹੁੰਚੀਆਂ।

ਸਤਿਗੁਰਾਂ ਨੇ ਸੁਥਰੇ ਨੂੰ ਆਪਣੀ ਹਜ਼ੂਰੀ ਵਿਚ ਬੁਲਾਇਆ। ਹਜ਼ੂਰ ਨੇ ਫੁਰਮਾਇਆ, 'ਤੁਸਾਂ ਸਤਿਗੁਰਾਂ ਤੇ ਗੁਰ ਸੰਗਤ ਦੀ ਬੜੀ ਸੇਵਾ ਕੀਤੀ ਹੈ, ਅਸੀਂ ਤੇਰੇ ਉਤੇ ਬੜੇ ਪ੍ਰਸੰਨ ਹਾਂ, ਸੋ ਤੂੰ ਜੋ ਵੀ ਮੁਰਾਦ ਚਾਹੇ ਪ੍ਰਾਪਤ

Sri Satguru Jagjit Singh Ji eLibrary NamdhariElibrary@gmail.com

ਕਰ ਸਕਦਾ ਹੈ ।'

ਸੁਥਰਾ ਸਤਿਗੁਰਾਂ ਦੇ ਚਰਨਾਂ ਉਤੇ ਢਹਿ ਕੇ ਰੋਣ ਲੱਗ ਪਿਆ । ਸਤਿਗੁਰਾਂ ਜੀ ਨੇ ਹੈਰਾਨ ਹੋ ਕੇ ਪੁੱਛਿਆ, ਸੁਥਰਿਆ ! ਤੂੰ ਰੋਇਆ ਕਿਉਂ ਹੈਂ ? ਇਸ ਵਿਚ ਕੀ ਭੇਦ ਹੈ ?'

ਸੁਥਰਾ ਕਹਿਣ ਲੱਗਾ ਕਿ ਮੇਰੇ ਸ਼ਹਿਨਸ਼ਾਹ ! ਆਪ ਹੀ ਮੇਰੇ ਪਿਤਾ ਹੋ, ਆਪ ਹੀ ਮੇਰੇ ਮਾਤਾ ਹੋ, ਆਪ ਹੀ ਮੇਰੇ ਨਿਗਾਹਬਾਨ ਤੇ ਹਲਤ-ਪਲਤ ਦੇ ਰਖਵਾਲੇ ਘੱਟ-ਘੱਟ ਜਾਨਣਹਾਰ ਹੋ । ਮੈਂ ਮੰਗਾਂ ਕਿਉਂ ?

ਜਦ ਤੁਸੀਂ ਆਪ ਹੀ ਮੇਰੀਆਂ ਥੁੜਾਂ ਤੇ ਲੋੜਾਂ ਪੂਰੀਆਂ ਕਰ ਰਹੇ ਹੋ । ਜਦੋਂ ਪਾਤਸ਼ਾਹ ਆਪ ਮਿਹਰਬਾਨ ਹੋਵੇ, ਸੇਵਕ ਨੂੰ ਕੋਈ ਚੀਜ਼ ਮੰਗਣ ਦੀ ਲੋੜ ਨਹੀਂ ਪੈਂਦੀ । ਦਾਤਾਰ ਜੀਓ ! ਇਹ ਠੀਕ ਹੈ ਕਿ ਮੈਂ ਗੁਰੂ ਨਾਨਕ ਦੇ ਦੂਰ ਦਾ ਕੂਕਰ ਹਾਂ, ਮੰਗਤਾ ਨਹੀਂ । ਨਿਮਾਣਾ ਜਿਹਾ ਸੇਵਕ ਹਾਂ, ਪਰ ਮੇਰੇ ਉਤੇ ਹਰ ਸਮੇਂ ਮਿਹਰਾਂ ਹੁੰਦੀਆਂ ਹਨ ।

ਮੈਨੂੰ ਨਾ ਕਿਸੇ ਸੰਸਾਰਕ ਜੀਵ ਦਾ ਡਰ ਹੈ, ਨਾ ਕਿਸੇ ਬਾਦਸ਼ਾਹ ਦਾ ਡਰ ਹੈ । ਆਪ ਦੀ ਮਿਹਰ ਦੇ ਸਦਕੇ ਜਹਾਂਗੀਰ ਬਾਦਸ਼ਾਹ ਤੇ ਮਲਕਾ ਨੂਰ ਜਹਾਂ ਵੀ ਮੇਰਾ ਸਤਿਕਾਰ ਕਰਦੇ ਹਨ । ਸਤਿਕਾਰ ਹੀ ਨਹੀਂ ਸਗੋਂ ਪਿਆਰ ਕਰਦੇ ਹਨ ਤੇ ਡਰਦੇ ਵੀ ਹਨ ਕਿ ਮਤੇ ਮੇਰੇ ਮੂੰਹੋਂ ਉਨ੍ਹਾਂ ਦੀ ਸ਼ਾਨ ਵਿਚ ਕੋਈ ਗੱਲ ਨਾ ਨਿਕਲ ਜਾਏ ।

ਇਹ ਸੁਣ ਕੇ ਸਤਿਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਦੁਨੀਆਂ ਵਿਚ ਵੱਡੇ-ਵੱਡੇ ਤਪੱਸਵੀ, ਵੱਡੇ-ਵੱਡੇ ਭਗਤ, ਜੋਗੀ ਤੇ ਮਹਾਤਮਾ ਘੋਰ ਦੀ ਤਪੱਸਿਆ ਕਰਦੇ ਤੇ ਜਾਪ ਜਪਦੇ ਹਨ ਕਿ ਉਨ੍ਹਾਂ ਨੂੰ ਮੁਕਤੀ ਮਿਲ ਜਾਏ । ਕੀ ਤੈਨੂੰ ਮੁਕਤੀ ਦੀ ਵੀ ਲੋੜ ਨਹੀਂ ?'

ਸਤਿਗੁਰਾਂ ਦੇ ਮਿੱਠੇ ਬਚਨ ਸੁਣ ਕੇ ਸੁਥਰਾ ਹੱਸ ਪਿਆ ਤੇ ਕਹਿਣ ਲੱਗਾ, 'ਦਾਤਾਰ ਜੀਓ ! ਜਿਨ੍ਹਾਂ ਦੇ ਹਿਰਦੇ ਅੰਦਰ ਸਤਿਗੁਰਾਂ ਦਾ ਪਿਆਰ ਵੱਸ ਚੁੱਕਾ ਹੈ, ਉਨ੍ਹਾਂ ਨੂੰ ਮੁਕਤੀ ਦੀ ਕੀ ਲੋੜ ਹੈ । ਆਪ ਜੀ ਨੇ ਹੀ ਤਾਂ ਫੁਰਮਾਇਆ ਹੈ ਕਿ :

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥ (ਪੰਨਾ ੫੩੪)*

ਜਿਸ ਦੇ ਮਨ ਅੰਦਰ ਚਰਨ ਕੰਵਲਾਂ ਦੀ ਪ੍ਰੀਤਿ ਹੋਵੇ ਉਨ੍ਹਾਂ ਨੂੰ ਭਲਾ ਰਾਜ ਜਾਂ ਮੁਕਤੀ ਦੀ ਕੀ ਲੋੜ ਹੈ। ਗੁਰਸਿੱਖ ਜਿਸ ਵੇਲੇ ਗੁਰ-ਦਰਬਾਰ ਵਿਚ ਜਾ ਕੇ ਸਤਿਗੁਰਾਂ ਦੇ ਚਰਨ ਪਰਸ ਲੈਂਦਾ ਹੈ, ਉਸ ਨੂੰ ਮੁਕਤੀ ਦੀ ਕੋਈ ਲੋੜ ਨਹੀਂ ਰਹਿੰਦੀ।

ਮੁਕਤੀ ਸਗੋਂ ਉਨ੍ਹਾਂ ਦੇ ਮਗਰ-ਮਗਰ ਭੱਜੀ ਫਿਰਦੀ ਹੈ। ਸਤਿਗੁਰਾਂ ਦਾ ਮਹਾਂਵਾਕ ਹੈ ਕਿ :

*ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ (ਪੰਨਾ ੧੦੭੮)*

ਸੋ ਮੇਰੇ ਸ਼ਹਿਨਸ਼ਾਹ ਦਾਤਾਰ ਜੀ, ਜਿਹੜੇ ਆਪ ਜੀ ਦੇ ਚਰਨਾਂ ਦੇ ਭੌਰੇ ਹਨ, ਉਨ੍ਹਾਂ ਨੂੰ ਮੁਕਤੀ ਦਾ ਕੋਈ ਲਾਲਚ ਨਹੀਂ ਰਹਿੰਦਾ। ਨਾ ਹੀ ਉਹ ਇਸ ਦੁਨੀਆਂ ਦਾ ਰਾਜ ਭਾਗ ਚਾਹੁੰਦੇ ਹਨ। ਉਹ ਇਸ ਸੰਸਾਰ ਦਾ ਕੋਈ ਪਦਾਰਥ ਨਹੀਂ ਚਾਹੁੰਦੇ, ਉਨ੍ਹਾਂ ਨੂੰ ਤੇ ਰਾਤ ਦਿਨੇ ਨਾਮ ਖੁਮਾਰੀ ਚੜ੍ਹੀ ਰਹਿੰਦੀ ਹੈ।

ਸਤਿਗੁਰੂ ਜੀ ਸੁਥਰੇ ਦੇ ਇਹ ਬਚਨ ਸੁਣ ਕੇ ਗਦ-ਗਦ ਹੋ ਗਏ ਅਤੇ ਕਿਹਾ, ਸੁਥਰਿਆ ! ਤੂੰ ਸੱਚਮੁਚ ਹੀ ਪੂਰਾ ਗੁਰਸਿੱਖ ਹੈਂ, ਤੂੰ ਗੁਰੂ ਘਰ ਦੀ ਸੇਵਾ ਕਰਕੇ ਗੁਰਮੁੱਖ ਦੀ ਪਦਵੀ ਤੇ ਪਹੁੰਚ ਚੁੱਕਾ ਹੈਂ।

ਇਸ ਲਈ ਸੱਚਮੁਚ ਹੀ ਤੈਨੂੰ ਹੁਣ ਕਿਸੇ ਪਦਾਰਥ ਦੀ ਲੋੜ ਨਹੀਂ।

'ਲੋੜ ਕਿਉਂ ਨਹੀਂ ਮੇਰੇ ਸ਼ਹਿਨਸ਼ਾਹ ਜੀਓ ! ਸੁਥਰੇ ਨੇ ਕਿਹਾ, ਲੋੜ ਤਾਂ ਹੈ, ਪਰ ਇਕੋ ਗੱਲ ਦੀ ਕਿ ਮੇਰਾ ਸਿੱਖੀ ਸਿਦਕ ਨਿਭ ਜਾਵੇ। ਮੇਰੇ ਸੱਚੇ ਪਾਤਸ਼ਾਹ ਨੇ ਜੋ ਹੁਕਮ ਦਿੱਤਾ ਹੈ ਕਿ ਸਾਰੇ ਦੇਸ਼ ਦਾ ਭਰਮਣ ਕਰਾਂ, ਪਾਖੰਡਾਂ ਤੇ ਜ਼ੁਲਮ ਦੀ ਨਿਖੇਧੀ ਕਰਾਂ, ਨਾਮ ਦਾ ਸਿਮਰਨ ਕਰਦਾ ਹੋਇਆ ਨਾਨਕ ਨਾਮ ਦਾ ਝੰਡਾ ਝੁਲਾਉਂਦਾ ਰਹਾਂ।

ਸੋ ਹੇ ਦਾਤਾਰ ਜੀਓ ! ਜੇ ਤੁਠੇ ਹੋ ਤਾਂ ਕਿਰਪਾ ਕਰੋ ਕਿ ਮੈਂ ਤੇ ਮੇਰੀ ਸੰਪਰਦਾਇ ਦੇ ਸੇਵਕ ਇਹ ਸੇਵਾ ਪੂਰੀ ਸਫਲਤਾ ਨਾਲ ਨਿਭਾਉਂਦੇ

ਚਲੇ ਜਾਈਏ । ਜਿਥੇ ਕੋਈ ਜ਼ੁਲਮ ਤੇ ਅਤਿਆਚਾਰ ਹੋਵੇ, ਉਸ ਦਾ ਡੱਟ ਕੇ ਮੁਕਾਬਲਾ ਕਰੀਏ ਅਤੇ ਸਤਿਨਾਮ ਦੀ ਦੋਹੀ ਫਿਰਾਈਏ ।

ਇਹ ਸੁਣ ਕੇ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਸੁਖਰੇ ਦੀ ਪਿੱਠ 'ਤੇ ਥਾਪੀ ਦੇਂਦਿਆ ਕਿਹਾ, 'ਸੁਖਰਿਆ ! ਤੇਰੀਆਂ ਸਭੇ ਮਨੋਕਾਮਨਾ ਪੂਰੀਆਂ ਹੋਈਆਂ ।'

***

# ਸੁਥਰਾ ਸ਼ਾਹ ਨਵੇਂ ਰੂਪ ਵਿਚ

ਦਿੱਲੀ ਦੇ ਮੁਸਲਮਾਨ ਕਾਜ਼ੀਆਂ ਨੇ ਇਹ ਹੁਕਮ ਜਾਰੀ ਕਰ ਦਿੱਤਾ ਕਿ ਜੇ ਜਿਹੜਾ ਹਿੰਦੂ ਜਨੇਊ ਪਹਿਨ ਕੇ ਘਰੋਂ ਬਾਹਰ ਨਿਕਲੇ, ਹਰ ਇਕ ਮੁਸਲਮਾਨ ਉਸ ਦਾ ਜਨੇਊ ਦੰਦਾਂ ਨਾਲ ਟੁੱਕ ਦੇਵੇ ਅਤੇ ਜਿਹੜਾ ਹਿੰਦੂ ਟਿੱਕਾ ਲਾ ਕੇ ਬਾਹਰ ਨਿਕਲੇ, ਉਸ ਦਾ ਟਿੱਕਾ ਹਰ ਇਕ ਮੁਸਲਮਾਨ ਚੱਟ ਸਕਦਾ।

ਜਿਹੜੀ ਹਿੰਦੂ ਤੀਵੀਂ ਧੋਤੀ ਬੰਨ੍ਹ ਕੇ ਬਜ਼ਾਰ ਵਿਚ ਨਿਕਲੇ, ਉਸ ਦੀ ਧੋਤੀ ਜੇ ਕੋਈ ਉਤਾਰ ਦੇਵੇ ਤਾਂ ਹਕੂਮਤ ਉਸ ਦੀ ਜ਼ਿੰਮੇਵਾਰ ਨਹੀਂ ਹੋਵੇਗੀ। ਹਿੰਦੂਆਂ ਦੀ ਇਹ ਦਸ਼ਾ ਨਿਰੀ ਦਿੱਲੀ ਵਿਚ ਹੀ ਨਹੀਂ, ਸਗੋਂ ਦੂਸਰਿਆਂ ਸ਼ਹਿਰਾਂ ਵਿਚ ਵੀ ਸੀ। ਸ਼ਰਾਰਤੀ ਮੁਸਲਮਾਨ ਹਿੰਦੂਆਂ ਦੇ ਤਿਲਕ ਚੱਟਦੇ ਤੇ ਜਨੇਊ ਕੱਟਦੇ ਸਨ।

ਜਿਸ ਕਰਕੇ ਬਹੁਤ ਸਾਰੇ ਹਿੰਦੂ ਇਸ ਤਰ੍ਹਾਂ ਆਪਣਾ ਜਨਮ ਭ੍ਰਿਸ਼ਟ ਸਮਝਦੇ ਹਨ। ਕਈ ਗਰੀਬ ਘਰਾਂ ਦੀਆਂ ਤੀਵੀਆਂ ਜੋ ਧੋਤੀ ਬੰਨ੍ਹ ਕੇ ਜਮਨਾ ਜੀ 'ਤੇ ਅਸ਼ਨਾਨ ਕਰਨ ਜਾਂਦੀਆਂ, ਕਈ ਸ਼ਰਾਰਤੀ ਉਨ੍ਹਾਂ ਦੀਆਂ ਧੋਤੀਆਂ ਦੀਆਂ ਕੰਨੀਆਂ ਖਿੱਚ ਦੇਂਦੇ ਤੇ ਉਹ ਵਿਚਾਰੀਆਂ ਸ਼ਰਮ ਦੀਆਂ ਮਾਰੀਆਂ ਉਥੇ ਹੀ ਗੁੱਸਾ ਮੁੱਛਾ ਹੋ ਕੇ ਬਹਿ ਜਾਂਦੀਆਂ।

ਇਸ ਤਰ੍ਹਾਂ ਹਿੰਦੂਆਂ ਦੀ ਦਸ਼ਾ ਬਹੁਤ ਬੁਰੀ ਹੁੰਦੀ ਜਾ ਰਹੀ ਸੀ। ਹਿੰਦੂ ਵਿਚਾਰੇ ਨਿਮਾਣੇ, ਨਿਤਾਣੇ ਸਹਿਮੇ ਹੋਏ ਦਿਨ ਬਤੀਤ ਕਰਦੇ ਸਨ। ਹਿੰਦੂਆਂ ਦੀ ਅਜਿਹੀ ਦੁਰਦਸ਼ਾ ਦੇਖ ਕੇ ਸੁਥਰੇ ਸ਼ਾਹ ਦੇ ਹਿਰਦੇ ਅੰਦਰ ਅਣਖ ਜਾਗੀ ਅਤੇ ਉਹ ਸ਼ਹਿਰ ਦੇ ਕਾਜ਼ੀ ਕੋਲ ਗਿਆ।

ਜਾ ਕੇ ਬੇਨਤੀ ਕੀਤੀ ਕਿ ਸ਼ਹਿਰ ਵਿਚ ਜੋ ਤਿਲਕਧਾਰੀ ਬ੍ਰਾਹਮਣਾਂ ਨਾਲ ਸਲੂਕ ਹੋ ਰਿਹਾ ਹੈ, ਉਹ ਬਹੁਤ ਬੁਰਾ ਹੈ। ਆਖਰ ਉਹ ਵੀ ਰੱਬ ਦੇ ਬੰਦੇ ਹਨ, ਅਤੇ ਇਨਸਾਨ ਹਨ, ਉਨ੍ਹਾਂ ਨਾਲ ਇਨਸਾਨਾਂ ਵਾਲਾ ਸਲੂਕ ਕੀਤਾ ਜਾਵੇ।

ਕਾਜ਼ੀ ਨੇ ਪੁੱਛਿਆ, 'ਸਾਈਂ ਜੀ ਤੁਸੀਂ ਕੌਣ ਹੋ ? ਹਿੰਦੂ ਹੋ ਜਾਂ ਮੁਸਲਮਾਨ ?'

ਸੁਥਰਾ ਸ਼ਾਹ ਨੇ ਕਿਹਾ, 'ਮੈਂ ਨਾ ਹਿੰਦੂ ਹਾਂ ਨਾ ਮੁਸਲਮਾਨ ਹਾਂ। ਮੈਂ ਇਕ ਇਨਸਾਨ ਹਾਂ। ਰੱਬ ਨੇ ਮੈਨੂੰ ਇਨਸਾਨ ਦੇ ਰੂਪ ਵਿਚ ਇਸ ਦੁਨੀਆਂ ਵਿਚ ਭੇਜਿਆ ਸੀ, ਇਸ ਲਈ ਨਾ ਮੈਂ ਹਿੰਦੂ ਬਣ ਸਕਿਆ ਨਾ ਹੀ ਮੁਸਲਮਾਨ ਬਣ ਸਕਿਆ ਹਾਂ।'

'ਇਨਸਾਨ ਤਾਂ ਸਾਰੇ ਹੁੰਦੇ ਨੇ, ਪਰ ਕੋਈ ਹਿੰਦੂ ਦੇ ਘਰ ਪੈਦਾ ਹੁੰਦਾ ਹੈ ਤੇ ਕੋਈ ਮੁਸਲਮਾਨ ਦੇ ਘਰ ਪੈਦਾ ਹੁੰਦਾ ਹੈ। ਜੋ ਹਿੰਦੂ ਦੇ ਘਰ ਪੈਦਾ ਹੁੰਦਾ ਹੈ, ਉਹ ਹਿੰਦੂ ਹੁੰਦਾ ਹੈ ਅਤੇ ਜੋ ਮੁਸਲਮਾਨ ਦੇ ਘਰ ਪੈਦਾ ਹੁੰਦਾ ਹੈ, ਉਹ ਮੁਸਲਮਾਨ ਹੁੰਦਾ ਹੈ।' ਕਾਜ਼ੀ ਨੇ ਬੜੀ ਨਰਮੀ ਨਾਲ ਸਮਝਾਇਆ।

ਸੁਥਰੇ ਨੇ ਕਿਹਾ ਕਿ ਕੀ ਕੋਈ ਮੁਸਲਮਾਨ ਦੇ ਘਰ ਪੈਦਾ ਹੋ ਕੇ ਹਿੰਦੂ ਨਹੀਂ ਬਣ ਸਕਦਾ ?

ਨਹੀਂ, ਮੁਸਲਮਾਨ ਕੋਈ ਕਾਫਰ ਬਣਨ ਲਈ ਤਿਆਰ ਨਹੀਂ ਹੋ ਸਕਦਾ। ਅੱਲਾ ਤੁਆਲਾ ਦਾ ਹੁਕਮ ਹੈ ਕਿ ਮੁਸਲਮਾਨ ਹੀ ਬਹਿਸ਼ਤਾਂ ਵਿਚ ਜਾਣਗੇ ਤੇ ਕਾਫਰ ਦੋਜ਼ਖਾਂ ਦੀ ਅੱਗ ਵਿਚ ਸੜਨਗੇ।

ਇਸ ਲਈ ਮੁਸਲਮਾਨ ਆਪਣੇ ਮੁਰਦੇ ਦਫਨਾਉਂਦੇ ਹਨ ਤੇ ਜਦੋਂ ਕਿਆਮਤ ਆਵੇਗੀ, ਅੱਲਾ ਦੇ ਹੁਕਮ ਨਾਲ ਉਹ ਕਬਰਾਂ ਵਿਚੋਂ ਨਿਕਲਣਗੇ।

ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਦੀ ਸ਼ਰਾਇਤ (ਸਿਫਾਰਸ਼) ਕਰਨਗੇ ਅਤੇ ਉਹ ਸਾਰੇ ਬਹਿਸ਼ਤਾਂ ਵਿਚ ਜਾਣਗੇ। ਕਾਜ਼ੀ ਨੇ ਕਿਹਾ, ਤੁਸੀਂ

Sri Satguru Jagjit Singh Ji eLibrary NamdhariElibrary@gmail.com

ਦੇਖਦੇ ਨਹੀਂ, ਹਿੰਦੂ ਜਦੋਂ ਮਰਦਾ ਹੈ, ਉਸ ਨੂੰ ਏਥੇ ਵੀ ਅੱਗ ਵਿੱਚ ਸਾੜਿਆ ਜਾਂਦਾ ਹੈ ਤੇ ਅੱਗੇ ਵੀ ਨਰਕਾਂ ਦੀ ਅੱਗ ਵਿਚ ਸਾੜਿਆ ਜਾਵੇਗਾ।

ਸੁਥਰੇ ਨੇ ਪੁੱਛਿਆ, 'ਕਾਜ਼ੀ ਸਾਹਿਬ! ਤੁਸੀਂ ਕਾਫਰ ਕਿਸ ਨੂੰ ਕਹਿੰਦੇ ਹੋ ?'

'ਜਿਹੜਾ ਰੱਬ ਉਤੇ ਭਰੋਸਾ ਨਾ ਰੱਖੇ, ਰੱਬ ਨੂੰ ਨਾ ਮੰਨੇ, ਉਹ ਕਾਫਰ ਹੁੰਦਾ ਹੈ।' ਕਾਜ਼ੀ ਸਾਹਿਬ ਨੇ ਬੜੇ ਰੁਅਬ ਨਾਲ ਕਿਹਾ।

'ਇਹ ਠੀਕ ਹੈ, ਜੋ ਤੁਸੀਂ ਫੁਰਮਾ ਰਹੇ ਹੋ।' ਸੁਥਰੇ ਨੇ ਕਿਹਾ, 'ਪਰ ਇਹ ਦੱਸੋ ਕਿ ਸਾਰੇ ਬੰਦੇ ਕਿਸ ਨੇ ਬਣਾਏ ਹਨ ਤੇ ਇਹ ਕਿਸ ਦੇ ਬੰਦੇ ਨੇ।'

ਕਾਜ਼ੀ ਇਹ ਬੰਦੇ ਤੇ ਖੁਦਾ ਦੇ ਹੀ ਨੇ, ਪਰ ਕਾਫਰ ਖੁਦਾ ਨੂੰ ਭੁੱਲ ਕੇ ਬੁੱਤਾਂ ਨੂੰ ਪੂਜਣ ਲੱਗ ਪੈਂਦੇ ਨੇ। ਉਨ੍ਹਾਂ ਨੂੰ ਖੁਦਾ ਨਾਲੋਂ ਬੁੱਤ ਵਧੇਰੇ ਚੰਗੇ ਲੱਗਣ ਲੱਗ ਪੈਂਦੇ ਨੇ।

ਸੁਥਰਾ-ਬੁੱਤ ਕੀ ਹੁੰਦੇ ਨੇ ?

ਕਾਜ਼ੀ-ਜੋ ਸ਼ਕਲਾਂ ਇਨਸਾਨ ਬਣਾਉਂਦਾ ਹੈ, ਪੱਥਰਾਂ ਦੀਆਂ, ਸੰਗਮਰਮਰ ਦੀਆਂ ਤੇ ਪਿੱਤਣ ਦੀਆਂ, ਇਹ ਸਭ ਬੁੱਤ ਹੀ ਹੁੰਦੇ ਨੇ।

ਸੁਥਰਾ-ਇਨਸਾਨ ਦੀ ਪੂਜਾ, ਇਨਸਾਨ ਅੱਗੇ ਮੱਥਾ ਟੇਕਣਾ ਕੀ ਇਹ ਬੁੱਤ ਪ੍ਰਸਤੀ ਏ ?

ਕਾਜ਼ੀ-ਹਾਂ, ਇਨਸਾਨ ਨੂੰ ਖੁਦਾ ਸਮਝ ਕੇ ਪੂਜਣਾ ਜਾਂ ਇਨਸਾਨ ਅੱਗੇ ਮੱਥਾ ਟੇਕਣਾ, ਰੱਬ ਨਾਲੋਂ ਇਨਸਾਨ ਨਾਲ ਬਹੁਤਾ ਪਿਆਰ ਕਰਨਾ, ਇਹ ਸਭ ਬੁੱਤ ਪ੍ਰਸਤੀ ਹੈ।

ਸੁਥਰਾ-ਕੀ ਔਰਤ, ਪੁੱਤਰ, ਧੀਆਂ, ਜਾਇਦਾਦ, ਦੌਲਤ, ਨਾਲ ਰੱਬ ਨਾਲੋਂ ਵੱਧ ਪਿਆਰ ਕਰਨਾ, ਕੀ ਇਹ ਬੁੱਤ ਪ੍ਰਸਤ ਨਹੀਂ ?

ਕਾਜ਼ੀ-ਬੇਸ਼ੱਕ, ਬੇਸ਼ੱਕ ਇਹ ਵੀ ਬੁਤ ਪ੍ਰਸਤੀ ਏ ਤੇ ਇਹ ਵੀ ਗੁਨਾਹ ਏ।

Sri Satguru Jagjit Singh Ji eLibrary NamdhariElibrary@gmail.com

ਸੁਥਰਾ-ਕੀ ਤੁਸੀਂ ਆਪਣੀ ਔਰਤ ਤੇ ਬੱਚਿਆਂ ਨਾਲ ਪਿਆਰ ਨਹੀਂ ਕਰਦੇ ? ਕੀ ਤੁਸੀਂ ਦੌਲਤ ਨਾਲ ਵਧੇਰੇ ਪਿਆਰ ਨਹੀਂ ਕਰਦੇ ?

ਕਾਜ਼ੀ-ਅਸੀਂ ਇਨ੍ਹਾਂ ਨੂੰ ਰੱਬ ਦੇ ਸਮਝ ਕੇ ਪਿਆਰ ਕਰਦੇ ਹਾਂ ।

ਸੁਥਰਾ-ਤੁਸੀਂ ਹਿੰਦੂਆਂ ਨੂੰ ਵੀ ਰੱਬ ਦੇ ਬਣਾਏ ਸਮਝਦੇ ਹੋ, ਤੁਸੀਂ ਉਨ੍ਹਾਂ ਨਾਲ ਵੀ ਪਿਆਰ ਕਰੋ ਤਾਂ ਜੋ ਤੁਹਾਡਾ ਰੱਬ ਤੁਹਾਡੇ ਉਤੇ ਖੁਸ਼ ਹੋਵੇ ।

ਕਾਜ਼ੀ-ਅਸੀਂ ਹਿੰਦੂਆਂ ਨਾਲ ਵੀ ਪਿਆਰ ਕਰਦੇ ਹਾਂ, ਤਦੇ ਤੇ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਜੋ ਉਹ ਨਰਕਾਂ ਵਿਚ ਨਾ ਜਾਣ ।

ਸੁਥਰਾ-ਹਿੰਦੂ ਕਹਿੰਦੇ ਨੇ ਕਿ ਮੁਸਲਮਾਨ ਮਲੇਛ ਹੁੰਦੇ ਨੇ, ਇਹ ਬੜੇ ਜ਼ਾਲਮ ਤੇ ਹਰਾਮਖੋਰ ਹੁੰਦੇ ਨੇ, ਇਸ ਲਈ ਮੁਸਲਮਾਨ ਨਰਕਾਂ ਵਿਚ ਜਾਣਗੇ ਹਿੰਦੂ ਬਹਿਸ਼ਤਾਂ ਵਿਚ ਜਾਣਗੇ ।

ਕਾਜ਼ੀ-ਇਹ ਨਿਰੀ ਬਕਵਾਸ ਏ । ਸਗੋਂ ਹਿੰਦੂ ਹਰਾਮਖੋਰ ਹੁੰਦੇ ਨੇ, ਜਿਹੜੇ ਲਾਲਚ ਵਿਚ ਆ ਕੇ ਆਪਣਾ ਧਰਮ ਛੱਡ ਕੇ ਮੁਸਲਮਾਨ ਹੁੰਦੇ ਜਾ ਰਹੇ ਨੇ ।

ਜਿਨ੍ਹਾਂ ਨੂੰ ਯਕੀਨ ਹੋ ਜਾਂਦਾ ਏ ਕਿ ਹਿੰਦੂ ਧਰਮ ਨਾਲੋਂ ਮੁਸਲਮਾਨ ਜੋ ਜਾਣਾ ਚੰਗਾ ਏ, ਉਹ ਝੱਟ ਮੁਸਲਮਾਨ ਹੋ ਜਾਂਦੇ ਨੇ । ਦੇਖਦੇ ਨਹੀਂ, ਹਿੰਦੁਸਤਾਨ ਵਿਚ ਜਿੰਨੇ ਵੀ ਮੁਸਲਮਾਨ ਨੇ ਇਨ੍ਹਾਂ ਵਿਚੋਂ ਦਸ ਫੀਸਦੀ ਤੇ ਅਸਲੀ ਮੁਸਲਮਾਨ ਹਨ ਤੇ ਬਾਕੀ ਸਭ ਹਿੰਦੂਆਂ ਤੋਂ ਮੁਸਲਮਾਨ ਹੋਏ ਹਨ ।

ਕਦੀ ਕੋਈ ਮੁਸਲਮਾਨ ਵੀ ਹਿੰਦੂ ਹੋਇਆ ਸੁਣਿਆ ਜੇ । ਕਿਸੇ ਹਿੰਦੂ ਔਰਤ ਨੂੰ ਕੋਈ ਮੁਸਲਮਾਨ ਪਕੜ ਲਵੇ, ਫੇਰ ਉਹ ਹਿੰਦੂ ਰਹਿ ਹੀ ਨਹੀਂ ਸਕਦੀ ।

ਸੁਥਰਾ-ਇਹ ਠੀਕ ਹੈ ਕਿ ਅੱਜ ਇਸਲਾਮੀ ਹਕੂਮਤ ਹੈ, ਇਸ ਲਈ ਹਿੰਦੂ ਲਾਲਚ ਕਰਕੇ ਜਾਂ ਹਕੂਮਤ ਦੇ ਡਰ ਕਰਕੇ, ਜਾਨ ਦੇ ਖਤਰੇ ਕਰਕੇ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਹੁੰਦੇ ਜਾ ਰਹੇ ਹਨ ।

ਪਰ ਅਣਖ ਵਾਲੇ ਤੇ ਗੈਰਤ ਵਾਲੇ ਅਜੇ ਵੀ ਮੁਸਲਮਾਨਾਂ ਨਾਲ ਨਫਰਤ ਕਰਦੇ ਹਨ ਤੇ ਉਹ ਆਪਣਾ ਧਰਮ ਛੱਡਣ ਨਾਲੋਂ ਆਪਣੀ ਜਾਨ ਉਤੇ ਖੇਲ੍ਹ ਜਾਣਾ ਆਸਾਨ ਸਮਝਦੇ ਹਨ ।

ਕਾਜ਼ੀ-ਤੁਸੀਂ ਦੱਸੋ ਕਿ ਤੁਸੀਂ ਕੌਣ ਹੋ ? ਮੈਨੂੰ ਸ਼ੱਕ ਹੈ ਕਿ ਤੁਸੀਂ ਹਿੰਦੂ ਹੋ ਤੇ ਹਿੰਦੂਆਂ ਦਾ ਪੱਖ ਕਰਦੇ ਹੋ ।

ਸੁਥਰਾ ਸ਼ਾਹ-ਮੈਂ ਨਾਨਕ ਸ਼ਾਹ ਦਰਵੇਸ਼ ਦਾ ਫਕੀਰ ਹਾਂ । ਮੈਨੂੰ ਸ਼ਹਿਨਸ਼ਾਹ ਤਕ ਸਾਰੇ ਜਾਣਦੇ ਹਨ ਕਿ ਮੈਂ ਕੌਣ ਹਾਂ । ਨਾਨਕ ਨੂੰ ਮੱਕੇ ਤੇ ਬਗ਼ਦਾਦ ਦੇ ਮੁਸਲਮਾਨ ਵਲੀ ਅੱਲਾ ਕਹਿ ਕੇ ਪੁਕਾਰਦੇ ਹਨ ।

ਉਸ ਨਾਨਕ ਪਾਤਸ਼ਾਹ ਦਾ ਮਜ਼੍ਹਬ ਉਹ ਹੈ, ਜੋ ਉਸ ਦੇ ਅੱਲਾ ਜਾਂ ਰੱਬ ਦਾ ਮਜ਼੍ਹਬ ਹੈ । ਉਸ ਪਾਤਸ਼ਾਹ ਦਾ ਇਹੋ ਫੁਰਮਾਣ ਹੈ ਕਿ ਰੱਬ ਇਕ ਹੈ, ਉਹ ਸਾਰੇ ਜਹਾਨ ਦੇ ਬਣਾਉਣ ਵਾਲਾ ਹੈ । ਉਸ ਦੇ ਕਾਨੂੰਨ, ਉਸ ਦੀ ਸ਼ਰ੍ਹਾ, ਉਸ ਦੇ ਫੁਰਮਾਨ ਸਾਰੇ ਸੰਸਾਰ ਦੇ ਇਨਸਾਨਾਂ ਲਈ ਇਕ ਹਨ।

ਇਸ ਲਈ ਸਾਰੀ ਦੁਨੀਆਂ ਦੇ ਇਨਸਾਨਾਂ ਦਾ ਧਰਮ-ਈਮਾਨ ਇਕ ਹੈ ਤੇ ਉਹ ਧਰਮ ਈਮਾਨ ਇਨਸਾਨੀਅਤ ਹੈ । ਕੋਈ ਚੰਗੇ ਢੰਗ ਨਾਲ, ਕਿਸੇ ਤਰੀਕੇ ਨਾਲ ਉਸ ਰੱਬ ਦਾ ਭਜਨ ਕਰੇ, ਉਸ ਨੂੰ ਯਾਦ ਕਰੇ, ਉਸ ਨਾਲ ਮੁਹੱਬਤ ਕਰੇ, ਉਹ ਉਸ ਦਾ ਬੰਦਾ ਹੈ ।

ਉਸ ਦਾ ਇਹ ਕੋਈ ਕਾਨੂੰਨ ਨਹੀਂ ਕਿ ਉਸ ਨੂੰ ਕੋਈ ਖਾਸ ਤਰੀਕੇ ਨਾਲ ਹੀ ਖੁਸ਼ ਕਰ ਸਕਦਾ ਹੈ । ਹਰ ਇਨਸਾਨ ਨਾਲ ਪਿਆਰ, ਹਮਦਰਦੀ ਕਰਨਾ, ਹਰ ਇਕ ਉਤੇ ਮਿਹਰਬਾਨੀ ਦਇਆ ਕਰਨਾ ਅਤੇ ਹਰ ਇਕ ਦੀ ਮਦਦ ਕਰਨਾ ਇਹ ਇਨਸਾਨੀ ਧਰਮ ਹੈ ।

ਕਾਜ਼ੀ-ਹਾਂ ! ਹਾਂ ! ਅਸੀਂ ਸਮਝ ਗਏ । ਵਲੀ ਅੱਲਾ ਬਾਬਾ ਨਾਨਕ ਹਿੰਦੂ ਸਨ ਤੇ ਉਹ ਹਿੰਦੂਆਂ ਦੀ ਮਦਦ ਕਰਦੇ ਰਹੇ ।

ਸੁਥਰਾ ਸ਼ਾਹ-ਇਹ ਗਲਤ ਹੈ ਕਿ ਉਹ ਹਿੰਦੂ ਸਨ । ਇਹ ਸੱਚ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਉਹ ਹਿੰਦੂ ਘਰ ਪੈਦਾ ਹੋਏ, ਪਰ ਉਹ ਹਿੰਦੂ ਧਰਮ ਵਾਲੀ ਬੁੱਤ ਪ੍ਰਸਤੀ, ਤੀਰਥ ਇਸ਼ਨਾਨ, ਤਿਲਕ ਤੇ ਜਨੇਊ ਆਦਿਕਾਂ ਦੇ ਉਲਟ ਪ੍ਰਚਾਰ ਕਰਦੇ ਰਹੇ ਤੇ ਇਕ ਰੱਬ ਦੀ ਭਗਤੀ ਤੇ ਉਸ ਨਾਲ ਪਿਆਰ 'ਤੇ ਹੀ ਜ਼ੋਰ ਦੇਂਦੇ ਰਹੇ। ਉਨ੍ਹਾਂ ਦਾ ਮਜ਼੍ਹਬ ਉਹ ਹੈ ਜੋ ਰੱਬ ਦਾ ਮਜ਼੍ਹਬ ਹੈ।

ਕਾਜ਼ੀ-ਹਾਂ! ਹਾਂ! ਅਸੀਂ ਸਮਝ ਗਏ। ਉਹ ਬਾਬਾ ਨਾਨਕ ਜਿਸ ਦੀ ਗੱਦੀ ਦੇ ਇਕ ਫਕੀਰ ਨੇ ਇਕ ਗ੍ਰੰਥ ਬਣਾਇਆ ਸੀ।

ਮੁਖਰਾ ਸ਼ਾਹ-ਹਾਂ! ਹਾਂ! ਉਹੋ ਬਾਬਾ ਨਾਨਕ ਜਿਸ ਦੀ ਗੱਦੀ ਦੇ ਪੰਜਵੇਂ ਸ਼ਹਿਨਸ਼ਾਹ ਨੇ ਰੱਬੀ ਕਲਾਮ (ਰੱਬੀ ਬਾਣੀ) ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਕਲਨਾ ਕੀਤੀ ਤੇ ਜਿਹੜੇ ਧਰਮ ਦੀ ਖਾਤਰ ਸ਼ਹੀਦ ਕੀਤੇ ਗਏ।

ਕਾਜ਼ੀ-ਹਾਂ! ਹਾਂ! ਅਸੀਂ ਸਮਝ ਗਏ। ਆਖਰ ਉਹ ਹਿੰਦੂ ਫਕੀਰ ਹੀ ਤੇ ਸਨ।

ਮੁਖਰਾ ਸ਼ਾਹ-ਤੁਸੀਂ ਫੇਰ ਉਹੋ ਰਟ ਲਾਈ ਜਾਂਦੇ ਹ ਕਿ ਉਹ ਹਿੰਦੂ ਫਕੀਰ ਸਨ, ਇਹ ਗਲਤ ਗੱਲ ਹੈ ਕਿ ਉਹ ਹਿੰਦੂ ਸਨ। ਉਨ੍ਹਾਂ ਦਾ ਮਜ਼੍ਹਬ ਬੱਸ ਇਕੋ ਸੀ ਕਿ ਰੱਬ ਦੀ ਬੰਦਗੀ ਕਰੋ, ਸਾਰੇ ਇਨਸਾਨਾਂ ਨੂੰ ਰੱਬ ਦੇ ਬੰਦੇ ਸਮਝ ਕੇ ਪਿਆਰ ਕਰੋ। ਕਿਸੇ ਨੂੰ ਦੁੱਖ ਨਾ ਦਿਓ, ਕਿਸੇ ਉਤੇ ਜ਼ੁਲਮ ਨਾ ਕਰੋ, ਜ਼ੁਲਮ ਤੇ ਜਬਰ ਨਾਲ ਰੱਬ ਦਾ ਵੈਰ ਹੈ।

ਇਹ ਕਹਿਰ ਹੈ, ਕਹਿਰ ਕਰਨ ਵਾਲਿਆਂ ਉਤੇ ਰੱਬ ਦਾ ਕਹਿਰ ਉਤਰਦਾ ਹੈ। ਜ਼ਬਰ ਕਰਨ ਵਾਲਿਆਂ ਲਈ ਰੱਬ ਜ਼ਬਰ ਬਣ ਜਾਂਦਾ ਹੈ।

ਕਾਜ਼ੀ-ਪਰ ਇਸਲਾਮ ਦਾ ਪ੍ਰਚਾਰ ਕਰਨਾ ਇਹ ਜ਼ਬਰ ਨਹੀਂ। ਭੁਲਿਆਂ ਹੋਇਆਂ ਨੂੰ ਸੱਚ ਦਾ ਰਸਤਾ ਦਿਖਾਉਣਾ ਤੇ ਉਸ ਰਾਹ ਉਤੇ ਤੁਰਨ ਲਈ ਕਹਿਣਾ, ਇਹ ਜ਼ੁਲਮ ਜਾਂ ਕਹਿਰ ਨਹੀਂ, ਇਹ ਤੇ ਸਵਾਬ ਪੁੰਨ ਹੈ।

ਸਾਡੇ ਰਸੂਲ ਦਾ ਹੁਕਮ ਹੈ ਕਿ ਕਾਫਰਾਂ ਨੂੰ ਸੱਚ ਦਾ ਰਸਤਾ ਦਿਖਾ

Sri Satguru Jagjit Singh Ji eLibrary NamdhariElibrary@gmail.com

ਕੇ ਇਸਲਾਮ ਵਿਚ ਲਿਆਉਣਾ ਵੱਡਾ ਪੁੰਨ ਹੈ। ਇਸੇ ਲਈ ਆਮ ਮੁਸਲਮਾਨ ਹਿੰਦੂਆਂ ਦੇ ਜਨੇਊ ਟੁਕਦੇ ਤੇ ਉਨ੍ਹਾਂ ਦੇ ਟਿਕੇ ਚੱਟ ਕੇ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਲਈ ਜ਼ੋਰ ਦੇਂਦੇ ਹਨ।

ਸੁਥਰਾ ਸ਼ਾਹ-ਕਾਜ਼ੀ ਸਾਹਿਬ! ਇਹ ਇਸਲਾਮ ਦਾ ਪ੍ਰਚਾਰ ਨਹੀਂ, ਇਹ ਜ਼ਬਰ ਹੈ, ਕਿਸੇ ਦੀ ਮਰਜ਼ੀ ਦੇ ਉਲਟ ਉਸ ਨੂੰ ਹਕੂਮਤ ਦੇ ਡਰ ਨਾਲ ਮਜ਼ਬੂਰ ਕਰ ਦੇਣਾ ਇਹ ਕਹਿਰ ਹੈ। ਮੈਂ ਅੱਗੇ ਕਹਿ ਚੁੱਕਾ ਹਾਂ ਕਿ ਮੇਰੇ ਨਾਨਕ ਪਾਤਸ਼ਾਹ ਦਾ ਹੁਕਮ ਹੈ ਕਿ ਕਹਿਰ ਕਰਨ ਵਾਲਿਆਂ ਉਤੇ ਰੱਬ ਦਾ ਕਹਿਰ ਉਤਰੇਗਾ। ਰੱਬ ਦੀ ਖਲਕਤ ਨਾਲ ਪਿਆਰ ਕਰਨ ਵਾਲੇ ਹੀ ਰੱਬ ਦੇ ਪਿਆਰੇ ਮੰਨੇ ਜਾਣਗੇ। ਤੁਸੀਂ ਬਾਬਾ ਫਰੀਦ ਜੀ ਦਾ ਕਲਾਮ ਸੁਣਿਆ ਹੋਵੇਗਾ :

*ਫਰੀਦਾ ਖਾਲਕ ਖਲਕ ਮਹਿ ਖਲਕ ਵਸੈ ਰਬ ਮਾਹਿ॥*
*ਮੰਦਾ ਕਿਸਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ॥*

ਕਾਜ਼ੀ-ਹਾਂ! ਹਾਂ! ਇਹ ਤੇ ਅਸੀਂ ਵੀ ਜਾਣਦੇ ਹਾਂ ਕਿ ਬਾਬਾ ਫਰੀਦ ਸ਼ਕਰਗੰਜ ਜੀ ਦਾ ਫੁਰਮਾਨ ਇਸੇ ਤਰ੍ਹਾਂ ਸੀ, ਪਰ ਸਾਡੇ ਸਾਹਮਣੇ ਇਸਲਾਮ ਦਾ ਪ੍ਰਚਾਰ ਹੈ।

ਇਸਲਾਮ ਦਾ ਪ੍ਰਚਾਰ ਕਰਨਾ ਹਰ ਮੁਸਲਮਾਨ ਦਾ ਫਰਜ਼ ਹੈ ਕਿ ਉਹ ਜਾਇਜ਼ ਜਾਂ ਨਾਜਾਇਜ਼ ਢੰਗ ਨਾਲ ਕਾਫਰਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਦੇਵੇ।

ਸੁਥਰਾ-ਅਸੀਂ ਤੇ ਫਕੀਰ ਲੋਕ ਹਾਂ, ਸਾਨੂੰ ਇਨ੍ਹਾਂ ਗੱਲਾਂ ਨਾਲ ਕੀ? ਅਸੀਂ ਤੇ ਇਹ ਜਾਣਦੇ ਹਾਂ ਕਿ ਜ਼ਾਲਮ ਦੇ ਵਿਰੁੱਧ ਆਵਾਜ਼ ਉਠਾਉ। ਰੱਬ ਦੇ ਬੰਦਿਆਂ ਨਾਲ ਇਹੋ ਜਿਹਾ ਵਰਤਾਉ ਕਰਨਾ ਠੀਕ ਨਹੀਂ।

ਜੇ ਹਿੰਦੂਆਂ ਜਾਂ ਬ੍ਰਾਹਮਣਾਂ ਦੇ ਜਨੇਊ ਦੰਦਾਂ ਨਾਲ ਟੁਕਣੇ ਅਤੇ ਉਨ੍ਹਾਂ ਦੇ ਤਿਲਕ ਚੱਟਣ ਨਾਲ ਹੀ ਮੁਸਲਮਾਨੀ ਮਜ਼੍ਹਬ ਦਾ ਵਾਧਾ ਹੈ ਤਾਂ ਖੂਬ ਜਨੇਊ ਟੁਕੋ ਤੇ ਮੱਥਿਆਂ ਤੋਂ ਟਿਕੇ ਚੱਟੋ। ਮੈਂ ਵੀ ਅੱਜ ਤੋਂ ਦਿੱਲੀ ਦੇ ਬਾਜ਼ਾਰਾਂ ਵਿਚ ਜਨੇਊ ਪਾ ਕੇ ਤੇ ਟਿਕੇ ਲਾ ਕੇ ਫਿਰਾਂਗਾ।

Sri Satguru Jagjit Singh Ji eLibrary NamdhariElibrary@gmail.com

ਏਨਾ ਕਹਿ ਕੇ ਸੁਥਰਾ ਕਾਜ਼ੀ ਦੇ ਕੋਲੋਂ ਚਲਾ ਗਿਆ। ਕਿਸੇ ਕਸਾਈ ਕੋਲੋਂ ਸੂਰ ਦੀ ਆਂਦਰ ਲੈ ਆਇਆ ਅਤੇ ਜਨੇਊ ਵਾਂਗ ਆਪਣੇ ਗਲ ਵਿਚ ਪਾ ਲਈ।

ਇਸ ਤਰ੍ਹਾਂ ਗੰਦਗੀ ਦਾ ਟਿੱਕਾ ਆਪਣੇ ਮੱਥੇ ਉਤੇ ਲਾ ਲਿਆ ਅਤੇ ਦਿੱਲੀ ਦੇ ਬਾਜ਼ਾਰਾਂ ਵਿਚ ਫਿਰਨ ਲੱਗਾ।

ਜਿਹੜੇ ਸ਼ਰਾਰਤੀ ਮੁਸਲਮਾਨ ਜਨੇਊ ਟੁਕਦੇ ਤੇ ਟਿਕੇ ਚੱਟਦੇ ਸਨ, ਉਨ੍ਹਾਂ ਨੂੰ ਕਹਿਣ ਲੱਗਾ ਕਿ ਮੇਰਾ ਜਨੇਊ ਵੀ ਟੁਕੋ ਤੇ ਟਿੱਕਾ ਚੱਟੋ। ਭਲਾ ਕੋਈ ਮੁਸਲਮਾਨ ਸੂਰ ਦੀ ਆਂਦਰ ਆਪਣੇ ਦੰਦਾਂ ਨਾਲ ਕਿਸ ਤਰ੍ਹਾਂ ਟੁੱਕਦਾ ਤੇ ਗੰਦਗੀ ਦਾ ਟਿੱਕਾ ਕਿਵੇਂ ਚੱਟਦਾ।

ਸੁਥਰੇ ਦੀ ਇਹ ਕਾਰਵਾਈ ਸਾਰੇ ਸ਼ਹਿਰ ਵਿਚ ਬੜੀ ਧੁੰਮ ਗਈ। ਇਹ ਦੇਖ ਕੇ ਹਿੰਦੂਆਂ ਨੂੰ ਖੁਸ਼ੀ ਹੋਈ ਤੇ ਈਰਖਾ ਕਰਨ ਵਾਲੇ ਮੁਸਲਮਾਨ ਦਿਲ ਅੰਦਰ ਸੜਨ ਲੱਗੇ, ਪਰ ਉਹ ਕਰ ਵੀ ਕੀ ਸਕਦੇ ਸਨ। ਇਸ ਗੱਲ ਦੀ ਸ਼ਕਾਇਤ ਫੇਰ ਕਾਜ਼ੀ ਕੋਲ ਪਹੁੰਚੀ।

ਕਾਜ਼ੀ ਨੂੰ ਸੁਥਰੇ ਸ਼ਾਹ ਦੀ ਇਹ ਹਾਲਤ ਦਾ ਪਤਾ ਲੱਗ ਹੀ ਚੁੱਕਾ ਸੀ। ਉਸ ਨੇ ਸੁਥਰੇ ਸ਼ਾਹ ਨੂੰ ਬੁਲਾਵਾ ਭੇਜਿਆ ਅਤੇ ਕਿਹਾ ਕਿ ਤੁਸੀਂ ਇਸ ਹਾਲਤ ਵਿਚ ਦਿੱਲੀ ਦੇ ਬਾਜ਼ਾਰਾਂ ਵਿਚ ਨਾ ਫਿਰੋ, ਅਸੀਂ ਇਹ ਹੁਕਮ ਦਿੰਦੇ ਹਾਂ ਕਿ ਕੋਈ ਕਿਸੇ ਹਿੰਦੂ ਦਾ ਜਨੇਊ ਨਾ ਕਟੇ ਅਤੇ ਨਾ ਹੀ ਕਿਸੇ ਦਾ ਤਿਲਕ ਚੱਟੇ।

ਸੁਥਰਾ ਸ਼ਾਹ ਨੇ ਇਹ ਗੱਲ ਮੰਨ ਲਈ ਤੇ ਕਿਹਾ ਕਿ ਮੈਂ ਇਹ ਸਾਂਗ ਇਸੇ ਲਈ ਬਣਾਇਆ ਸੀ। ਮੇਰਾ ਮਤਲਬ ਪੂਰਾ ਹੋ ਗਿਆ ਹੈ, ਇਸ ਲਈ ਮੈਨੂੰ ਇਸ ਪਾਖੰਡ ਦੀ ਹੁਣ ਕੋਈ ਲੋੜ ਨਹੀਂ।

ਮੈਂ ਇਸ ਤਰ੍ਹਾਂ ਕਰਨ ਲਈ ਤਿਆਰ ਨਹੀਂ ਸਾਂ। ਮੇਰੇ ਮੁਰਸ਼ਦ (ਸਤਿਗੁਰੂ) ਜੀ ਨੇ ਇਸ ਗੱਲ ਦਾ ਬੁਰਾ ਮਨਾਇਆ ਹੈ। ਹੁਣ ਮੈਨੂੰ ਹਜ਼ੂਰ ਦੇ ਚਰਨਾਂ ਵਿਚ ਜਾ ਕੇ ਮੁਆਫੀ ਮੰਗਣੀ ਪਵੇਗੀ।

ਇਹ ਗੱਲ ਕਹਿ ਕੇ ਸੁਥਰਾ ਦਿੱਲੀ ਤੋਂ ਤੁਰ ਪਿਆ ਤੇ ਵਾਪਸ ਪੰਜਾਬ

Sri Satguru Jagjit Singh Ji eLibrary NamdhariElibrary@gmail.com

ਵੱਲ ਮੁੜਿਆ। ਉਸਨੇ ਆਪਣਾ ਇਹ ਸੁਆਂਗ ਵੀ ਬਦਲ ਲਿਆ। ਅੱਧਾ ਮੂੰਹ ਕਾਲਾ ਕਰ ਲਿਆ ਤੇ ਅੱਧਾ ਚਿੱਟਾ।

ਇਸ ਤਰ੍ਹਾਂ ਦਾ ਰੂਪ ਬਣਾ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਹਜ਼ੂਰੀ ਵਿਚ ਗਿਆ ਤਾਂ ਸਤਿਗੁਰੂ ਜੀ ਹੈਰਾਨ ਹੋ ਗਏ ਕਿ ਉਸ ਨੇ ਇਸ ਤਰ੍ਹਾਂ ਕਿਉਂ ਕੀਤਾ ਸੀ।

ਜਦੋਂ ਸੁਥਰਾ ਸ਼ਾਹ ਸਤਿਗੁਰਾਂ ਦੀ ਹਜ਼ੂਰੀ ਵਿਚ ਪਹੁੰਚਾ ਤਾਂ ਸਤਿਗੁਰਾਂ ਨੇ ਪੁੱਛਿਆ, ਸੁਥਰਾ ਸ਼ਾਹ ਜੀ, ਇਹ ਕੀ ਸਾਂਗ ਬਣਾਇਆ ਜੇ ?

ਸੁਥਰੇ ਨੇ ਬੇਨਤੀ ਕੀਤੀ, ਮੇਰੇ ਸ਼ਹਿਨਸ਼ਾਹ ਜੀ ! 'ਜਿਉ ਰਾਖਹਿ ਤਿਉ ਰਹੀਐ।' ਇਹ ਸਭ ਆਪ ਦਾ ਭਾਣਾ ਹੈ। ਮੈਂ ਇਕ ਗਲਤੀ ਕੀਤੀ ਸੀ ਕਿ ਸੂਰ ਦੀ ਆਂਦਰ ਦਾ ਜਨੇਊ ਪਾਇਆ ਸੀ ਤੇ ਗੰਦਗੀ ਦਾ ਟਿੱਕਾ ਲਾਇਆ ਸੀ। ਇਹ ਸਭ ਕੁਝ ਪਾਖੰਡ ਸੀ । ਪਰ ਇਸ ਪਾਖੰਡ ਨੇ ਬੜਾ ਕੰਮ ਸਾਰਿਆ।

ਕਾਜ਼ੀ ਨੇ ਹੁਕਮ ਕੀਤਾ ਕਿ ਕੋਈ ਵੀ ਹੁਣ ਕਿਸੇ ਦਾ ਜਨੇਊ ਨਾ ਟੁਕੇ ਤੇ ਨਾ ਹੀ ਤਿਲਕ ਚੱਟੇ।

'ਇਹ ਸਭ ਕੁਝ ਠੀਕ ਹੈ।' ਸਤਿਗੁਰਾਂ ਨੇ ਫੁਰਮਾਇਆ, 'ਪਰ ਤੁਸੀਂ ਇਸ ਤਰ੍ਹਾਂ ਦੀ ਸ਼ਕਲ ਕਿਉਂ ਬਣਾਈ ਹੈ ?'

ਸੁਥਰੇ ਨੇ ਕਿਹਾ, 'ਮਹਾਰਾਜ ! ਇਹ ਪਾਖੰਡ ਕਰਨ ਕਰਕੇ ਮੇਰਾ ਅੱਧਾ ਮੂੰਹ ਕਾਲਾ ਹੋਇਆ ਹੈ ਅਤੇ ਇਸ ਦਾ ਫਲ ਚੰਗਾ ਹੋਣ ਕਰਕੇ ਮੇਰਾ ਅੱਧਾ ਮੂੰਹ ਆਪ ਦੇ ਦਰਬਾਰ ਵਿਚ ਚਿੱਟਾ ਹੈ। ਦਾਤਾਰ ਜੀਓ ! ਆਪ ਸਿਰਜਨਹਾਰ ਹੋ, ਘੱਟ-ਘੱਟ ਦੀ ਜਾਨਣਹਾਰ ਹੋ। ਸੋ ਕਿਰਪਾ ਕਰੋ ਤਾਂ ਜੋ ਇਹ ਕੂਕਰ ਮੁੜ ਕੇ ਕੋਈ ਪਾਖੰਡ ਨਾ ਕਰ ਸਕੇ।'

Sri Satguru Jagjit Singh Ji eLibrary NamdhariElibrary@gmail.com

ISBN 81-7601-354-4
9788176013543

Sri Satguru Jagjit Singh Ji eLibrary NamdhariElibrary@gmail.com